ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

International Daily Newspaper & WEB TV

(ਯੂ. ਕੇ. ਤੋਂ ਪ੍ਰਕਾਸ਼ਿਤ)

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

You Tube https://youtu.be/LQwolgxDu7l

awazeqaumtvpunjab@gmail.com

ਬੁੱਧਵਾਰ, 16 ਜੁਲਾਈ 2025 (ਨਾਨਕਸ਼ਾਹੀ ਸੰਮਤ : ੫੫੭, ੧ ਸਾਵਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243






## ਸਾਵਣ ਦੀ ਸੰਗਰਾਂਦ ਅੱਜ

ਸ਼੍ਰੋਮਣੀ ਕਮੇਟੀ ਵੱਲੋਂ ਜਾਰੀ ਕੈਲੰਡਰ ਅਨੁਸਾਰ ਸਾਵਣ ਮਹੀਨੇ ਦੀ ਸੰਗਰਾਂਦ ਅੱਜ। ਦੇਸ਼ ਵਿਦੇਸ਼ ਵਿੱਚ ਇਸ ਦਿਹਾੜੇ ਸਬੰਧੀ ਵਿਸ਼ੇਸ਼ ਦੀਵਾਨ ਸਜਾਏ ਜਾ ਰਹੇ ਹਨ।

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ

ਵਾਹਿਗੁਰੂ ਜੀ ਕਾ ਖ਼ਾਲਸਾ।

# ਆਵਾਜ਼ਿ ਕੌਮ AWAZE QAUM

# ਆਵਾਜ਼ਿ-ਕੌਮ ਟੂਰ ਐਂਡ ਟਰੈਵਲਜ਼

ਵਾਹਿਗੁਰੂ ਜੀ ਕੀ ਫ਼ਤਹਿ ॥


**RAGHBIR SINGH (Call : +44 7976 210161)**
**121. Broadway west Walsall, West Midlands, WS1 4DW, England uk**



ਸ੍ਰੀ ਅਕਾਲ ਤਖ਼ਤ ਸਾਹਿਬ
SRI AKAL TAKHAT SAHIB


ਸ੍ਰੀ ਪਟਨਾ ਸਾਹਿਬ
SRI PATNA SAHIB


ਸ੍ਰੀ ਕੇਸਗੜ੍ਹ ਸਾਹਿਬ
SRI KESGARH SAHIB


ਸ੍ਰੀ ਦਮਦਮਾ ਸਾਹਿਬ
SRI DAMDAMA SAHIB


ਸ੍ਰੀ ਹਜ਼ੂਰ ਸਾਹਿਬ
SRI HAZUR SAHIB

# ਪੰਜ ਤਖ਼ਤ ਯਾਤਰਾ

ਬੜੇ ਮਾਣ ਅਤੇ ਸਤਿਕਾਰ ਨਾਲ ਆਪ ਜੀ ਨੂੰ ਸੂਚਿਤ ਕੀਤਾ ਜਾ ਰਿਹਾ ਹੈ ਕਿ **ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼** ਵਾਹਿਗੁਰੂ ਜੀ ਕੀ ਕ੍ਰਿਪਾ ਸਦਕਾ 15 ਫਰਵਰੀ 2026 ਤੋਂ 25 ਫਰਵਰੀ 2026 (10 ਰਾਤ, 11 ਦਿਨ) ਤੱਕ ਪੰਜ ਤਖਤ ਸਹਿਬਾਨ ਦੀ ਮਹਾਂ ਯਾਤਰਾ ਕਰਵਾਉਣ ਜਾ ਰਿਹਾ ਹੈ। ਆਪ ਸਭ ਨੂੰ ਬੇਨਤੀ ਹੈ ਕਿ ਤੁਸੀ ਵੀ ਇਸ ਯਾਤਰਾ ਦਾ ਹਿੱਸਾ ਬਣੋ ਅਤੇ ਪੰਜ ਤਖ਼ਤ ਸਾਹਿਬਾਨ ਦੀ ਯਾਤਰਾ ਕਰਕੇ ਆਪਣੇ ਜੀਵਨ ਨੂੰ ਸਫਲਾ ਕਰੋ ਜੀ। ਤੁਹਾਡੀ ਇਸ ਯਾਤਰਾ ਨੂੰ ਯਾਦਗਾਰੀ ਤੇ ਬਿਹਤਰੀਨ ਬਨਾਉਣ ਲਈ **ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼** ਦੀ ਟੀਮ ਹਰ ਸੰਭਵ ਯਤਨ ਕਰਕੇ ਤੁਹਾਨੂੰ ਸ਼ਾਨਦਾਰ ਸਹੂਲਤਾਂ ਪ੍ਰਦਾਨ ਕਰੇਗੀ। ਯਾਤਰਾ ਗੁਰਦਾਵਾਰਾ ਸ਼੍ਰੀ ਦੁਖ ਨਿਵਾਰਨ ਪਾਤਸ਼ਾਹੀ 9ਵੀਂ ਗੁਰੂ ਤੇਗ ਬਹਾਦੁਰ ਨਗਰ, ਜਲੰਧਰ ਤੋਂ ਅਰਦਾਸ ਅਤੇ ਜੈਕਾਰਿਆਂ ਦੀ ਗੂੰਜ 'ਚ 15 ਫਰਵਰੀ, 2026 ਨੂੰ ਸ਼ੁਰੂ ਹੋਵੇਗੀ ਤੇ ਇੱਥੇ ਹੀ 25 ਫਰਵਰੀ, 2026 ਨੂੰ ਸੰਪੰਨ ਹੋਵੇਗੀ।

## ਟੂਰ ਪੈਕੇਜ

ਧਾਰਮਿਕ ਤੇ ਇਤਿਹਾਸਕ ਟੂਰ ਜਲੰਧਰ ਤੋਂ ਸ਼ੁਰੂ ਹੋ ਕੇ ਸ਼੍ਰੀ ਅੰਮ੍ਰਿਤਸਰ ਸਾਹਿਬ, ਹੈਦਰਾਬਾਦ, ਗੁਰਦਵਾਰਾ ਨਾਨਕ ਝੀਰਾ ਬਿਦਰ ਤੋਂ ਬਾਅਦ ਸ਼੍ਰੀ ਹਜ਼ੂਰ ਸਾਹਿਬ ਪਹੁੰਚੇਗਾ, ਜਿਥੇ ਤਖ਼ਤ ਸ਼੍ਰੀ ਹਜ਼ੂਰ ਸਾਹਿਬ ਤੋਂ ਇਲਾਵਾ ਹੋਰ ਵੀ 9 ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਵਾਏ ਜਾਣਗੇ। ਹੈਦਰਾਬਾਦ ਪਹੁੰਚ ਕੇ ਹਵਾਈ ਜਹਾਜ ਦੇ ਰਾਹੀ ਤਖ਼ਤ ਸ੍ਰੀ ਪਟਨਾ ਸਾਹਿਬ ਪਹੁੰਚਿਆ ਜਾਵੇਗਾ। ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਚੰਡੀਗੜ ਵਾਪਸੀ ਵੀ ਹਵਾਈ ਸਫ਼ਰ ਰਾਹੀਂ ਹੋਵੇਗੀ। ਉਪਰੰਤ ਸ਼੍ਰੀ ਆਨੰਦਪੁਰ ਸਾਹਿਬ, ਸ਼੍ਰੀ ਦਮਦਮਾ ਸਾਹਿਬ, ਸ਼੍ਰੀ ਅੰਮ੍ਰਿਤਸਰ ਸਾਹਿਬ ਪਹੁੰਚਿਆ ਜਾਵੇਗਾ। ਇਸ ਯਾਤਰਾ ਦੇ ਦੌਰਾਨ ਸਿੱਖ ਗੁਰੂ ਸਾਹਿਬਾਨ ਦੀ ਚਰਨਛੋਹ ਪ੍ਰਾਪਤ 32 ਇਤਿਹਾਸਕ ਗੁਰਦਾਵਾਰਾ ਸਾਹਿਬਾਨ ਦੇ ਦਰਸ਼ਨ ਕਰਵਾਏ ਜਾਣਗੇ। ਇਸ ਤੋਂ ਇਲਾਵਾ ਕੁਝ ਅਜਾਇਬ ਘਰ, ਜਲ੍ਹਿਆਂਵਾਲਾ ਬਾਗ, ਵਾਹਗਾ ਬਾਰਡਰ ਦੀ ਰੀਟਰੀਟ ਸੇਰੇਮਨੀ ਤੇ ਹੋਰ ਇਤਿਹਸਕ ਸਥਾਨਾਂ ਦੀ ਯਾਤਰਾ ਵੀ ਕਰਵਾਈ ਜਾਵੇਗੀ।

- ☛ ਲਗਜਰੀ ਹੋਟਲਾਂ 'ਚ ਸਟੇਅ
- ☛ ਲਗਜ਼ਰੀ ਏ. ਸੀ. ਕੋਚ
- ☛ ਡੋਮੈਸਟਿਕ ਫਲਾਈਟਾਂ
- ☛ ਗਾਈਡ
- ☛ ਯਾਤਰਾਂ ਤੋਂ ਪਹਿਲਾਂ ਅਤੇ ਬਾਅਦ ਵਿੱਚ ਇੰਡੀਆ 'ਚ ਸਟੇਅ ਕੀਤਾ ਜਾ ਸਕਦਾ ਹੈ।
- ☛ ਪਹਿਲਾ ਅਤੇ ਅੰਤਿਮ ਪੜਾਅ ਜਲੰਧਰ ਵਿਖੇ।

ਬੁੱਕ ਕਰਨ ਲਈ 600 ਪੌਂਡ ਐਡਵਾਂਸ ਦੇ ਤੌਰ 'ਤੇ ਜਮ੍ਹਾਂ ਕਰਵਾਉਣੇ ਜ਼ਰੂਰੀ ਹਨ। ਬੁਕਿੰਗ ਫੀਸ ਜਮ੍ਹਾ ਕਰਵਾਉਣ ਉਪਰੰਤ ਰੈਫਰੈਂਸ ਨੰਬਰ ਭੇਜਣਾ ਹੋਵੇਗਾ ਅਤੇ ਬਾਕੀ ਰਹਿੰਦੀ ਫੀਸ ਯਾਤਰਾ ਤੋਂ ਦੋ ਹਫ਼ਤਿਆਂ ਦੇ ਅੰਦਰ-ਅੰਦਰ ਜਮ੍ਹਾ ਕਰਵਾਉਣੀ ਹੋਵੇਗੀ।

### ਅਕਾਊਂਟ ਨੰਬਰ ਤੇ ਡਿਟੇਲ

Account Name : RAGHBIR SINGH
Bank Name : HALIFAX
Sort Code : 11-08-07
Account No. : 00516474

ਸੰਪਰਕ ਨੰ. :
+44 7458 381111 +44 7976 210161
email: gnstuk@hotmail.com

To Book please ring (+44 7458 381111) or WhatsApp (+44 7976 210161) / email (gnstuk@hotmail.com) the next of kin form along with a copy of your passport.

✶ ਸਲਾਹ ✶
ਸਮੂਹ ਸੰਗਤ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਤੌਰ 'ਤੇ ਟਰੈਵਲ ਇੰਸ਼ੋਰੈਂਸ ਕਰਵਾ ਲੈਣ

ਬਿਨਾਂ ਕੋਈ ਨੋਟਿਸ ਦਿੱਤੇ ਪ੍ਰੋਗਰਾਮ 'ਚ ਤਬਦੀਲੀ ਕੀਤੀ ਜਾ ਸਕਦੀ ਹੈ।

## ਜ਼ਿੰਦਗੀ ਭਰ ਦੀ ਯਾਦ ਬਣਨ ਵਾਲੀ
## ਪੰਜ ਤਖ਼ਤ ਯਾਤਰਾ

10 ਰਾਤਾਂ ਤੇ 11 ਦਿਨ ਦੀ ਯਾਤਰਾ ਦਾ ਵੇਰਵਾ ਵਿਸਥਾਰ ਸਹਿਤ ਹੇਠ ਲਿਖੇ ਅਨੁਸਾਰ ਹੈ :

### 15 ਫਰਵਰੀ (ਦਿਨ 1)



ਸਾਰੀ ਸੰਗਤ ਗੁਰਦਵਾਰਾ ਦੁਖ ਨਿਵਾਰਨ ਸਾਹਿਬ ਪਾਤਸ਼ਾਹੀ 9ਵੀਂ ਗੁਰੂ ਤੇਗ ਬਹਾਦੁਰ ਨਗਰ ਵਿਖੇ ਇਕੱਤਰ ਹੋਵੇਗੀ ਤੇ ਇਥੋਂ ਜੈਕਾਰਿਆਂ ਦੀ ਗੂੰਜ 'ਚ ਸ਼੍ਰੀ ਅੰਮ੍ਰਿਤਸਰ ਸਾਹਿਬ ਲਈ ਚਾਲੇ ਪਾਏ ਜਾਣਗੇ। ਕਰਤਾਰਪੁਰ ਵਿਖੇ ਜੰਗ-ਏ-ਆਜਦੀ ਅਜਾਇਬ ਘਰ ਵਿਖਾਇਆ ਜਾਵੇਗਾ। ਹੋਟਲ ਵਿਚ ਪਹੁੰਚ ਕੇ ਚੈਕ ਇਨ ਹੋਵੇਗਾ। ਉਸ ਤੋਂ ਬਾਅਦ ਸਾਰੀ ਸੰਗਤ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਨਤਮਸਤਕ ਹੋਵੇਗੀ। ਦੁਬਾਰਾ ਵਾਪਸ ਹੋਟਲ ਵਿਚ ਪਹੁੰਚ ਕੇ ਡਿਨਰ ਹੋਟਲ ਕੀਤਾ ਜਾਵੇਗਾ।

### 16 ਫਰਵਰੀ (ਦਿਨ 2)




ਤੜਕੇ ਸਵੇਰੇ 5 ਵਜੇ ਹੈਦਰਾਬਾਦ ਨੂੰ ਜਾਣ ਵਾਸਤੇ ਹਵਾਈ ਅੱਡੇ 'ਤੇ ਪਹੁੰਚਿਆ ਜਾਵੇਗਾ। ਫਲਾਇਟ ਦਾ ਸਮਾਂ 7.30 ਵਜੇ ਸਵੇਰੇ ਹੋਵੇਗਾ। ਹੈਦਰਾਬਾਦ ਤੱਕ ਫਲਾਈ ਸਮਾਂ ਦੋ ਘੰਟੇ ਦਾ ਹੋਵੇਗਾ। ਹੈਦਰਾਬਾਦ ਪਹੁੰਚ ਕੇ ਬੱਸ ਵਿਚ ਬੈਠ ਕੇ ਹੈਦਰਾਬਾਦ ਦਾ ਬਹੁਤ ਹੀ ਮਸ਼ਹੂਰ ਮਿਊਜ਼ੀਅਮ ਦਿਖਾਇਆ ਜਾਵੇਗਾ। ਉਸ ਤੋਂ ਬਾਅਦ ਹੋਟਲ ਵਿਚ ਜਾ ਕੇ ਚੈਕ ਇਨ ਤੇ ਲੰਚ ਹੋਵੇਗਾ। ਸ਼ਾਮ 4 ਵਜੇ ਹੈਦਰਾਬਾਦ ਦਾ ਦੁਨੀਆਂ ਭਰ 'ਚ ਮਸ਼ਹੂਰ ਚਾਰਮਿਨਾਰ ਦਿਖਾਇਆ ਜਾਵੇਗਾ। ਡਿਨਰ ਦੱਖਣ-ਭਾਰਤੀ ਸ਼ਾਕਾਹਾਰੀ ਰੈਸਟੋਰੈਂਟ ਵਿਚ (ਖੁਦ ਦੇ ਖਰਚੇ 'ਤੇ) ਕਰਵਾਇਆ ਜਾਵੇਗਾ। ਵਾਪਸ ਹੋਟਲ ਵਿਚ ਆ ਕੇ ਅਰਾਮ ਕੀਤਾ ਜਾਵੇਗਾ।

### 17 ਫਰਵਰੀ (ਦਿਨ 3)



ਸਵੇਰੇ ਨਾਸ਼ਤੇ ਤੋਂ ਬਾਅਦ ਟਰੇਨ ਰਾਹੀਂ ਬਿਦਰ ਨੂੰ ਚਾਲੇ ਪਾਏ ਜਾਣਗੇ। 3 ਘੰਟੇ ਦੀ ਯਾਤਰਾ ਹੋਵੇਗੀ। ਇੱਥੇ ਪਹੁੰਚ ਕੇ ਗੁਰਦਵਾਰਾ ਨਾਨਕ ਝੀਰਾ ਸਾਹਿਬ ਦੇ ਦਰਸ਼ਨ ਕਰਵਾਏ ਜਾਣਗੇ ਤੇ ਦੁਪਹਿਰ ਨੂੰ ਲੰਗਰ ਦਾ ਅਨੰਦ ਮਾਣਿਆ ਜਾਵੇਗਾ। ਇਸ ਤੋਂ ਬਾਅਦ ਨੰਦੇੜ ਸਾਹਿਬ ਵੱਲ ਚਾਲੇ ਪਾਏ ਜਾਣਗੇ। ਸ਼ਾਮ ਨੂੰ ਨੰਦੇੜ ਸਾਹਿਬ ਪਹੁੰਚ ਕੇ ਸਰਾਂ ਵਿਚ ਰੈਣ ਵਸੈਰਾ ਹੋਵੇਗਾ। ਰਾਤ ਦਾ ਭੋਜਨ ਕੰਪਨੀ ਵਲੋਂ ਫਿਕਸਡ ਮੈਨਿਊ 'ਤੇ ਅਧਾਰਤ ਰੈਟੋਰੈਂਟ ਵਿਚ ਹੋਵੇਗਾ ਜਿਸ ਦਾ ਖਰਚਾ ਕੰਪਨੀ ਕਰੇਗੀ। ਰਾਤ ਦਾ ਵਿਸ਼ਰਾਮ ਸਰਾਂ ਵਿੱਚ ਹੋਵੇਗਾ।

### 18 ਫਰਵਰੀ (ਦਿਨ 4)



ਸੰਗਤ ਤੜਕੇ ਸਚਖੰਡ ਸ੍ਰੀ ਨੰਦੇੜ ਸਾਹਿਬ ਦੀ ਹਾਜਰੀ ਭਰੇਗੀ। ਨਾਸ਼ਤਾ ਲੰਗਰ ਹਾਲ ਵਿਚ ਹੋਵੇਗਾ। ਠੀਕ 10 ਵਜੇ ਗੁਰਦਵਾਰਾ ਸਹਿਬ ਦੇ ਦਰਸ਼ਨਾਂ ਲਈ ਚਾਲੇ ਪਾਏ ਜਾਣਗੇ। ਗੁਰਦਵਾਰਾ ਬਾਬਾ ਬੰਦਾ ਬਾਹੁਦਰ, ਗੁਰਦਵਾਰਾ ਮਾਲ ਟੇਕੜੀ, ਗੁਰਦਵਾਰਾ ਹੀਰਾ ਘਾਟ, ਗੁਰਦਵਾਰਾ ਮਾਤਾ ਸਾਹਿਬ ਦੇਵਾ ਜੀ ਦੇ ਦਰਸ਼ਨ ਕਰਨ ਉਪਰੰਤ ਇਥੇ ਹੀ ਲੰਗਰ ਛਕਿਆ ਜਾਵੇਗਾ। ਇਸ ਤੋਂ ਬਾਅਦ ਗੁਰਦਵਾਰਾ ਸ਼ਿਕਾਰ ਘਾਟ ਦੇ ਦਰਸ਼ਨ ਉਪਰੰਤ ਚਾਹ ਦਾ ਲੰਗਰ ਛਕਿਆ ਜਾਵੇਗਾ। ਇਸ ਉਪਰੰਤ ਗੁਰਦਵਾਰਾ ਸੰਗਤ ਸਾਹਿਬ ਤੇ ਅਸਤਬਲ ਦੇ ਦਰਸ਼ਨ ਕੀਤੇ ਜਾਣਗੇ। ਗੁਰਦਵਾਰਾ ਨਗੀਨਾ ਘਾਟ ਦੇ ਦਰਸ਼ਨਾ ਤੋਂ ਬਾਅਦ ਗੁਰਦਵਾਰਾ ਬਾਬਾ ਨਿਧਾਨ ਸਿੰਘ ਜੀ ਵਿਖੇ ਰਾਤ ਦਾ ਲੰਗਰ ਹੋਵੇਗਾ। ਰਾਤ ਦਾ ਵਿਸ਼ਰਾਮ ਇੱਥੇ ਸਰਾਂ ਵਿੱਚ ਹੋਵੇਗਾ।

### 19 ਫਰਵਰੀ (ਦਿਨ 5)



ਤੜਕੇ 6 ਵਜੇ ਹੈਦਰਾਬਾਦ ਲਈ ਰਵਾਨਗੀ ਪਾਈ ਜਾਵੇਗੀ ਅਤੇ ਕਿੰਗਸ ਰੈਸਟੋਰੈਂਟ ਵਿੱਚ ਸੰਗਤ ਨੂੰ ਚਾਹ ਪਿਲਾਈ ਜਾਵੇਗੀ। ਹੈਦਰਾਬਾਦ ਪਹੁੰਚ ਕੇ ਇੱਥੋਂ ਦੀ ਮਸ਼ਹੂਰ ਸ਼ਾਕਾਹਾਰੀ ਹੈਦਰਾਬਾਦੀ ਬਰਿਆਨੀ ਦਾ ਅਨੰਦ ਮਾਣਿਆ ਜਾਵੇਗਾ। ਇਸ ਤੋਂ ਬਾਅਦ ਹਵਾਈ ਯਾਤਰਾ ਰਾਹੀਂ ਤਖ਼ਤ ਸ੍ਰੀ ਪਟਨਾ ਸਾਹਿਬ ਪਹੁੰਚਿਆ ਜਾਵੇਗਾ। ਹਵਾਈ ਯਾਤਰਾ ਦਾ ਸਮਾਂ 2 ਘੰਟੇ ਦਾ ਹੋਵੇਗਾ। ਹੋਟਲ ਵਿਚ ਚੈਕ ਇਨ ਕਰਨ ਉਪਰੰਤ ਡਿਨਰ ਤਿਆਰ ਮਿਲੇਗਾ।

### 20 ਫਰਵਰੀ (ਦਿਨ 6)




ਸਵੇਰੇ ਨਾਸ਼ਤੇ ਤੋਂ ਬਾਅਦ ਜਨਮ ਅਸਥਾਨ ਸਚਖੰਡ ਸ਼੍ਰੀ ਪਟਨਾ ਸਾਹਿਬ ਦੇ ਦਰਸ਼ਨਾਂ ਲਈ ਚਾਲੇ ਪਾਏ ਜਾਣਗੇ। ਗੁਰਦਵਾਰਾ ਕੰਗਣ ਘਾਟ ਤੇ ਗੁਰਦਵਾਰਾ ਬਾਲ ਲੀਲਾ ਸਾਹਿਬ ਦੇ ਧਰਸ਼ਨ ਕੀਤੇ ਜਾਣਗੇ। ਦੁਪਹਿਰ ਦਾ ਲੰਗਰ ਗੁਰਦਵਾਰਾ ਬਾਲ ਲੀਲਾ ਸਾਹਿਬ ਵਿੱਚ ਹੋਵੇਗਾ। ਇਸ ਉਪਰੰਤ ਗੁਰਦਵਾਰਾ ਗਊ ਘਾਟ, ਗੁਰਦਵਾਰਾ ਗੁਰੂ ਕਾ ਬਾਗ, ਗੁਰਦਵਾਰਾ ਹਾਂਡੀ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਉਪਰੰਤ ਵਾਪਸ ਹੋਟਲ 'ਚ ਡਿਨਰ ਉਪਰੰਤ ਰਾਤਰੀ ਵਿਸ਼ਰਾਮ ਹੋਵੇਗਾ।

### 21 ਫਰਵਰੀ (ਦਿਨ 7)




ਨਾਸ਼ਤਰਾ ਕਰਨ ਉਪਰੰਤ ਸ੍ਰੀ ਪਟਨਾ ਸਾਹਿਬ ਤੋਂ ਹਵਾਈ ਅੱਡੇ ਲਈ ਚਾਲੇ ਪਾਏ ਜਾਣਗੇ ਤੇ ਹਵਾਈ ਯਾਤਰਾ ਰਾਹੀਂ ਚੰਡੀਗੜ੍ਹ ਪਹੁੰਚਿਆ ਜਾਵੇਗਾ। ਇੱਥੇ ਵਿਸ਼ਵ ਪ੍ਰਸਿੱਧ ਸੁਖਨਾ ਲੇਕ ਘੁੰਮਣ ਉਪਰੰਤ ਹੋਟਲ ਚੈੱਕ ਇਨ ਕੀਤਾ ਜਾਵੇਗਾ ਤੇ ਡਿਨਰ ਉਪਰੰਤ ਰਾਤਰੀ ਵਿਸ਼ਰਾਮ ਹੋਵੇਗਾ।

### 22 ਫਰਵਰੀ (ਦਿਨ 8)




ਨਾਸ਼ਤੇ ਕਰਨ ਉਪਰੰਤ ਟਰੇਨ ਰਾਹੀਂ ਤਖ਼ਤ ਸ੍ਰੀ ਆਨੰਦਪੁਰ ਸਾਹਿਬ ਨੂੰ ਚਾਲੇ ਪਾਏ ਜਾਣਗੇ। ਜਿਥੇ ਗੁਰਦਵਾਰਾ ਸ੍ਰੀ ਕੇਸਗੜ ਸਾਹਿਬ, ਗੁਰਦਾਵਾਰਾ ਸੀਸ ਗੰਜ ਸਾਹਿਬ, ਗੁਰਦਵਾਰਾ ਭੌਰਾ ਸਾਹਿਬ ਤੇ ਕਿਲਾ ਆਨੰਦਗੜ੍ਹ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਉਪਰੰਤ ਬਠਿੰਡਾ ਲਈ ਚਾਲੇ ਪਾਏ ਜਾਣਗੇ। ਡਿਨਰ ਅਤੇ ਰਾਤਰੀ ਸਟੇਅ ਹੋਟਲ ਵਿਚ ਹੋਵੇਗਾ।

### 23 ਫਰਵਰੀ (ਦਿਨ 9)



ਸਵੇਰੇ ਨਾਸ਼ਤੇ ਉਪਰੰਤ ਤਖਤ ਸ੍ਰੀ ਦਮਦਮਾ ਸਾਹਿਬ ਦੇ ਦਰਸ਼ਨਾ ਲਈ ਚਾਲੇ ਪਾਏ ਜਾਣਗੇ। ਬੁਰਜ ਬਾਬਾ ਦੀਪ ਸਿੰਘ ਜੀ ਦੇ ਦਰਸ਼ਨਾ ਤੋਂ ਬਾਅਦ ਲੰਗਰ ਦਾ ਅਨੰਦ ਮਾਣਿਆ ਜਾਵੇਗਾ। ਉਪਰੰਤ ਸ੍ਰੀ ਅੰਮ੍ਰਿਤਸਰ ਸਾਹਿਬ ਲਈ ਚਾਲੇ ਪਾਏ ਜਾਣਗੇ। ਡਿਨਰ ਅਤੇ ਰਾਤਰੀ ਸਟੇਅ ਹੋਟਲ ਵਿਚ ਹੋਵੇਗਾ।

### 24 ਫਰਵਰੀ (ਦਿਨ 10)



ਸਵੇਰੇ ਨਾਸ਼ਤੇ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਜਲ੍ਹਿਆਂਵਾਲਾ ਬਾਗ ਵੇਖਿਆ ਜਾਵੇਗਾ। ਦੁਪਹਿਰ ਦਾ ਲੰਗਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਛਕਿਆ ਜਾਵੇਗਾ। ਇਸ ਤੋਂ ਬਾਅਦ ਭਾਰਤ-ਪਾਕਿਸਤਾਨ ਦੀ ਵੰਡ ਨੂੰ ਦਰਸਾਉਂਦਾ ਪਾਰਟੀਸ਼ਨ ਮਿਉਜ਼ੀਅਮ ਵਿਖਾਇਆ ਜਾਵੇਗਾ। ਸ਼ਾਮ ਨੂੰ ਵਾਹਗਾ ਬਾਰਡਰ ਪਹੁੰਚ ਕੇ ਰੀਟਰੀਟ ਸੇਰੇਮਨੀ ਦਿਖਾਈ ਜਾਵੇਗੀ। ਡਿਨਰ ਅਤੇ ਰਾਤਰੀ ਵਿਸ਼ਰਾਮ ਹੋਟਲ ਵਿੱਚ ਹੋਵੇਗਾ।

### 25 ਫਰਵਰੀ (ਦਿਨ 11)

ਨਾਸ਼ਤੇ ਕਰਨ ਉਪਰੰਤ ਸੰਗਤ ਜਲੰਧਰ ਲਈ ਚਾਲੇ ਪਾਵੇਗੀ ਅਤੇ ਗੁਰਦਵਾਰਾ ਦੁਖ ਨਿਵਾਰਨ ਪਾਤਸ਼ਾਹੀ 9ਵੀਂ ਪਹੁੰਚ ਕੇ ਅਮਿੱਟ ਧਾਰਮਿਕ ਤੇ ਇਤਹਾਸਕ ਯਾਦਾਂ ਸਮੇਟਦਿਆਂ, ਫਿਰ ਮਿਲਣ ਦੇ ਵਾਅਦੇ ਅਤੇ ਵਾਹਿਗੁਰੂ ਦਾ ਸ਼ੁਕਰਾਨਾ ਕਰਦਿਆਂ ਟੂਰ ਦੀ ਸਮਾਪਤੀ ਹੋਵੇਗੀ।

ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼ ਨਾਲ ਯਾਤਰਾ ਕਰਨ ਲਈ ਧੰਨਵਾਦ ਅਤੇ ਵਾਹਿਗੁਰੂ ਜੀ ਦਾ ਕੋਟਿਨ-ਕੋਟਿ ਧੰਨਵਾਦ। ਤੁਹਾਨੂੰ ਹੋਰ ਧਾਰਮਿਕ ਤੇ ਇਤਿਹਾਸਕ ਯਾਤਰਾ 'ਤੇ ਜਲਦ ਲੈ ਕੇ ਜਾਣ ਦਾ ਵਾਅਦਾ ਕਰਦੇ ਹਾਂ।

--✶ ਯਾਤਰਾ ਵਿੱਚ ਸ਼ਾਮਲ ਹੋਣ ਅਤੇ ਹੋਰ ਵਧੇਰੇ ਜਾਣਕਾਰੀ ਲਈ ਦਿੱਤੇ ਗਏ ਨੰਬਰਾਂ 'ਤੇ ਸੰਪਰਕ ਕਰੋ ✶--


RAGHBIR SINGH
+44 7458 381111, +44 7976 210161

PARAMJIT SHERGILL
+44 7858 198159

INDERJIT KAUR
+44 7883 635835

KULWINDER MANN
+44 7900 982906

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਬੁੱਧਵਾਰ, 16 ਜੁਲਾਈ 2025 (ਨਾਨਕਸ਼ਾਹੀ ਸੰਮਤ : ੫੫੭, ੧ ਸਾਵਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਆਪ 'ਚ ਸ਼ਾਮਲ ਹੋਏ ਸਾਬਕਾ ਅਕਾਲੀ ਹਰਮੀਤ ਸਿੰਘ ਸੰਧੂ, ਤਰਨਤਾਰਨ ਜ਼ਿਮਨੀ ਚੋਣਾਂ 'ਚ ਹੋਣਗੇ ਪਾਰਟੀ ਦੇ ਉਮੀਦਵਾਰ ?

**ਤਰਨ-ਤਾਰਨ, 15 ਜੁਲਾਈ (ਆਵਾਜ਼ਿ ਕੌਮ ਬਿਊਰੋ)-** ਆਮ ਆਦਮੀ ਪਾਰਟੀ ਦੇ ਪਰਿਵਾਰ ਵਿੱਚ ਮੁੜ ਤੋਂ ਵਾਧਾ ਹੋਇਆ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਆਮ ਆਦਮੀ ਪਾਰਟੀ ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ ਨੇ ਤਰਨਤਾਰਨ ਦੇ ਵੱਡੇ ਨੇਤਾ ਹਰਮੀਤ ਸਿੰਘ ਸੰਧੂ ਪਾਰਟੀ ਵਿੱਚ ਸ਼ਾਮਲ ਕਰਵਾਇਆ ਹੈ।



ਦੱਸ ਦਈਏ ਕਿ ਸੰਧੂ ਨੇ 2002 ਵਿੱਚ ਤਰਨਤਾਰਨ ਤੋਂ ਆਜ਼ਾਦ ਉਮੀਦਵਾਰ ਵਜੋਂ ਜਿੱਤ ਪ੍ਰਾਪਤ ਕੀਤੀ, 2007 ਅਤੇ 2012 ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ ਵੀ ਜਿੱਤ ਦਰਜ ਕੀਤੀ ਸੀ। ਉਨ੍ਹਾਂ ਨੇ ਨਵੰਬਰ 2024 ਵਿੱਚ ਸ਼੍ਰੋਮਣੀ ਅਕਾਲੀ ਦਲ ਤੋਂ ਅਸਤੀਫਾ ਦੇ ਦਿੱਤਾ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਕਰੀਬੀ ਰਹੇ ਸੰਧੂ ਨੂੰ ਉਪ ਚੋਣ ਵਿੱਚ 'ਆਪ' ਦਾ ਉਮੀਦਵਾਰ ਬਣਾਇਆ ਜਾ ਸਕਦਾ ਹੈ। ਕਿਹਾ ਜਾ ਰਿਹਾ ਹੈ ਕਿ ਉਪ ਚੋਣ ਲਈ ਤਰਨਤਾਰਨ ਵਿੱਚ 'ਆਪ' ਦੀ ਟਿਕਟ ਲਈ ਕਈ ਦਾਅਵੇਦਾਰ ਸਨ ਜਿਸ ਕਾਰਨ 'ਆਪ' ਨੇ ਇੱਕ ਨਿੱਜੀ ਕੰਪਨੀ ਤੋਂ ਸਰਵੇਖਣ ਕਰਵਾਇਆ। ਸਰਵੇਖਣ ਅਨੁਸਾਰ ਹਰਮੀਤ ਸਿੰਘ ਸੰਧੂ ਉਪ ਚੋਣ ਜਿੱਤਣ ਦੇ ਸਮਰੱਥ ਪਾਏ ਗਏ।

## 6 ਮਹੀਨਿਆਂ ਬਾਅਦ ਦੁਬਾਰਾ ਕੀਤਾ ਜਾਵੇਗਾ ਪੇਸ਼

# ਨਹੀਂ ਪਾਸ ਹੋਇਆ ਬੇਅਦਬੀ ਬਿੱਲ

**ਚੰਡੀਗੜ੍ਹ, 15 ਜੁਲਾਈ (ਆਵਾਜ਼ਿ ਕੌਮ ਬਿਊਰੋ)-** ਅੱਜ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਦਾ ਚੌਥਾ ਅਤੇ ਆਖਰੀ ਦਿਨ ਹੈ। ਇਸ ਵਿੱਚ ਸੋਮਵਾਰ (14 ਜੁਲਾਈ) ਨੂੰ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੇਸ਼ ਕੀਤੇ ਗਏ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਸੰਬੰਧੀ ਬਿੱਲ 'ਤੇ ਬਹਿਸ ਹੋਈ। ਹਾਲਾਂਕਿ, ਬਹਿਸ ਤੋਂ ਬਾਅਦ ਇਹ ਪਾਸ ਨਹੀਂ ਹੋਇਆ, ਪਰ ਮੁੱਖ ਮੰਤਰੀ ਮਾਨ ਦੇ ਪ੍ਰਸਤਾਵ 'ਤੇ ਇਸਨੂੰ ਸਿਲੈਕਟ ਕਮੇਟੀ ਨੂੰ ਭੇਜਿਆ ਗਿਆ। ਹੁਣ ਸਿਲੈਕਟ ਕਮੇਟੀ ਇਸ ਬਿੱਲ 'ਤੇ ਕੰਮ ਕਰੇਗੀ ਤੇ ਸਾਰੀਆਂ ਧਾਰਮਿਕ ਸੰਸਥਾਵਾਂ ਅਤੇ ਲੋਕਾਂ ਤੋਂ ਰਾਏ ਲਵੇਗੀ। ਇਸ ਲਈ 6 ਮਹੀਨਿਆਂ ਦਾ ਸਮਾਂ ਨਿਰਧਾਰਤ ਕੀਤਾ ਗਿਆ ਹੈ। ਇਸ ਤੋਂ ਬਾਅਦ, ਇਹ ਬਿੱਲ ਦੁਬਾਰਾ ਵਿਧਾਨ ਸਭਾ ਵਿੱਚ ਪੇਸ਼ ਕੀਤਾ ਜਾਵੇਗਾ। ਇਸ ਬਿੱਲ ਵਿੱਚ, ਚਾਰਾਂ ਧਰਮਾਂ ਦੇ ਗ੍ਰੰਥਾਂ ਦੀ ਬੇਅਦਬੀ ਕਰਨ 'ਤੇ 10 ਸਾਲ ਤੋਂ ਲੈ ਕੇ ਉਮਰ ਕੈਦ ਤੱਕ ਦੀ ਸਜ਼ਾ ਦਾ ਪ੍ਰਬੰਧ ਹੈ। ਦੂਜੇ ਪਾਸੇ, ਮੁੱਖ ਮੰਤਰੀ ਭਗਵੰਤ ਮਾਨ ਨੇ ਬਿੱਲ 'ਤੇ ਕਿਹਾ ਕਿ ਇਸਨੂੰ ਨਮੋਸ਼ੀ ਬਿੱਲ ਨਹੀਂ ਕਿਹਾ ਜਾਣਾ ਚਾਹੀਦਾ। ਇਹ ਇਤਿਹਾਸਕ ਅਤੇ ਮਹੱਤਵਪੂਰਨ ਹੈ।. ਬਹਿਸ 'ਤੇ ਬੋਲਦਿਆਂ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਕਾਂਗਰਸ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਅਜਿਹੇ ਬਿੱਲ ਲਈ ਡੂੰਘਾਈ ਨਾਲ ਅਧਿਐਨ ਕਰਨ ਦੀ ਲੋੜ ਹੈ। ਇਸ ਵਿੱਚ ਗ੍ਰੰਥ ਚੋਰੀ ਦਾ ਕੋਈ ਜ਼ਿਕਰ ਨਹੀਂ ਹੈ। ਕਿਹਾ ਗਿਆ ਹੈ ਕਿ ਡੀਐਸਪੀ ਪੱਧਰ ਤੋਂ ਹੇਠਾਂ ਦਾ ਕੋਈ ਵੀ ਅਧਿਕਾਰੀ ਮਾਮਲੇ ਦੀ ਜਾਂਚ ਨਹੀਂ ਕਰੇਗਾ, ਪਰ ਜਾਂਚ ਲਈ 30 ਦਿਨਾਂ ਦਾ ਨਿਸ਼ਚਿਤ ਸਮਾਂ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ - ਜੇਕਰ ਜਾਂਚ ਪੂਰੀ ਨਹੀਂ ਹੁੰਦੀ ਹੈ, ਤਾਂ 15 ਦਿਨ ਦਾ ਸਮਾਂ ਵਧਾਉਣ ਦਾ ਅਧਿਕਾਰ ਐਸਐਸਪੀ ਪੱਧਰ ਨੂੰ ਹੋਣਾ ਚਾਹੀਦਾ ਹੈ। ਇਸ ਤੋਂ ਬਾਅਦ, ਡੀਜੀਪੀ ਨੂੰ ਜਾਂਚ ਨੂੰ ਵਧਾਉਣ ਦੀ ਇਜਾਜ਼ਤ ਦੇਣ ਦਾ ਅਧਿਕਾਰ ਹੋਣਾ ਚਾਹੀਦਾ ਹੈ। ਜੇ ਜਾਂਚ ਗਲਤ ਪਾਈ ਜਾਂਦੀ ਹੈ, ਤਾਂ ਅਧਿਕਾਰੀ ਵਿਰੁੱਧ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਮਨਪ੍ਰੀਤ ਇਆਲੀ ਨੇ ਕਿਹਾ- ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ, ਹੋਰ ਧਾਰਮਿਕ ਗ੍ਰੰਥ ਵੀ ਹਨ, ਜਿਨ੍ਹਾਂ ਦਾ ਵੀ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਦਾ ਨਿਰਾਦਰ ਨਹੀਂ ਹੋਣਾ ਚਾਹੀਦਾ। ਅਸੀਂ ਇਸ ਕਾਨੂੰਨ ਨੂੰ ਪਾਸ ਕਰਾਂਗੇ ਤੇ ਭੇਜਾਂਗੇ, ਅਤੇ ਇਸਨੂੰ ਸੰਸਦ ਵਿੱਚ ਵੀ ਪਾਸ ਕੀਤਾ ਜਾਣਾ ਚਾਹੀਦਾ ਹੈ। ਇਸ ਲਈ ਸਾਰੀਆਂ ਪਾਰਟੀਆਂ ਨੂੰ ਇੱਕਜੁੱਟ ਹੋ ਕੇ ਕਾਨੂੰਨ ਪਾਸ ਕਰਵਾਉਣਾ ਚਾਹੀਦਾ ਹੈ।




## ਪ੍ਰਤਾਪ ਸਿੰਘ ਬਾਜਵਾ ਨੇ ਪੂਰੇ ਸਦਨ ਸਾਹਮਣੇ ਮੰਗੀ ਮੁਆਫ਼ੀ

**ਚੰਡੀਗੜ੍ਹ, 15 ਜੁਲਾਈ (ਆਵਾਜ਼ਿ ਕੌਮ ਬਿਊਰੋ)-** ਪੰਜਾਬ ਵਿਧਾਨ ਸਭਾ ਦੀ ਕਾਰਵਾਈ ਦੌਰਾਨ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਵਲੋਂ ਪੂਰੇ ਸਦਨ ਦੇ ਸਾਹਮਣੇ ਮੁਆਫ਼ੀ ਮੰਗੀ ਗਈ ਹੈ। ਦਰਅਸਲ ਸੱਤਾਧਿਰ ਵਲੋਂ ਚਿੱਟਾ ਵੇਚਣ ਦੇ ਲਾਏ ਜਾ ਰਹੇ ਇਲਜ਼ਾਮਾਂ 'ਤੇ ਕਾਂਗਰਸੀ ਵਿਧਾਇਕ ਬਾਵਾ ਹੈਨਰੀ (ਜੂਨੀਅਰ ਅਵਤਾਰ ਹੈਨਰੀ) ਨੂੰ ਗੁੱਸਾ ਆ ਗਿਆ ਅਤੇ ਉਨ੍ਹਾਂ ਨੇ ਗਾਲ੍ਹ ਕੱਢ ਦਿੱਤੀ। ਇਸ ਤੋਂ ਬਾਅਦ ਸਦਨ ਦਾ ਮਾਹੌਲ ਪੂਰੀ ਤਰ੍ਹਾਂ ਭਖ ਗਿਆ ਅਤੇ ਜੂਨੀਅਰ ਹੈਨਰੀ ਨੇ ਵੀ ਇਹ ਮੰਨਿਆ ਕਿ ਉਨ੍ਹਾਂ ਨੇ ਗਾਲ੍ਹ ਕੱਢੀ ਹੈ। ਇਸ 'ਤੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਵਲੋਂ ਉਨ੍ਹਾਂ ਖ਼ਿਲਾਫ਼ ਕਾਰਵਾਈ ਕਰਨ ਲਈ ਮੁੱਖ ਮੰਤਰੀ ਸਾਹਮਣੇ ਗੱਲ ਰੱਖੀ ਗਈ। ਉਨ੍ਹਾਂ ਕਿਹਾ ਕਿ ਜੇਕਰ ਜੂਨੀਅਰ ਹੈਨਰੀ ਚਾਹੁੰਦੇ ਹਨ ਕਿ ਉਨ੍ਹਾਂ ਖ਼ਿਲਾਫ਼ ਕੋਈ ਕਾਰਵਾਈ ਨਾ ਕੀਤੀ ਜਾਵੇ ਤਾਂ ਉਹ ਪੂਰੇ ਸਦਨ ਸਾਹਮਣੇ ਆਪਣੀ ਗਲਤੀ ਲਈ ਮੁਆਫ਼ੀ ਮੰਗਣ। ਇਸ ਤੋਂ ਬਾਅਦ ਜੂਨੀਅਰ ਹੈਨਰੀ ਵਲੋਂ ਪੂਰੇ ਸਦਨ 'ਚ ਹਾਊਸ ਮੈਂਬਰ ਤੋਂ ਪ੍ਰਤਾਪ ਸਿੰਘ ਬਾਜਵਾ ਨੇ ਮੁਆਫ਼ੀ ਮੰਗ ਲਈ।



ਇਸ ਦੌਰਾਨ ਵਿਧਾਨ ਸਭਾ ਦੇ ਆਖ਼ਰੀ ਦਿਨ ਅੱਜ ਨਸ਼ੇ ਦੇ ਮੁੱਦੇ 'ਤੇ ਵੀ ਅੱਜ ਖ਼ੂਬ ਹੰਗਾਮਾ ਹੋਇਆ। ਨਸ਼ੇ ਦੇ ਮੁੱਦੇ 'ਤੇ ਭਗਵੰਤ ਮਾਨ ਵੱਲੋਂ ਭਾਸ਼ਣ ਦਿੱਤਾ ਗਿਆ। ਮੁੱਖ ਮੰਤਰੀ ਭਗਵੰਤ ਮਾਨ ਨੇ ਭਾਸ਼ਣ ਦੌਰਾਨ ਵਿਰੋਧੀਆਂ 'ਤੇ ਬੇਹੱਦ ਹਮਲੇ ਬੋਲੇ। ਮੁੱਖ ਮੰਤਰੀ ਭਗਵੰਤ ਮਾਨ ਦੇ ਭਾਸ਼ਣ ਮਗਰੋਂ ਪੰਜਾਬ ਵਿਧਾਨ ਸਭਾ ਸਦਨ ਦੀ ਕਾਰਵਾਈ ਅਣਮਿੱਥੇ ਸਮੇਂ ਲਈ ਮੁਲਤਵੀ ਕਰ ਦਿੱਤੀ ਗਈ। ਹੁਣ ਪੰਜਾਬ ਵਿਧਾਨ ਦਾ ਵਿਸ਼ੇਸ਼ ਸੈਸ਼ਨ ਖ਼ਤਮ ਹੋ ਗਿਆ ਹੈ। ਵਿਧਾਨ ਸਭਾ ਵਿਚ ਨਸ਼ੇ 'ਤੇ ਚਰਚਾ ਦੌਰਾਨ ਭਗਵੰਤ ਮਾਨ ਨੇ ਵੱਡਾ ਬਿਆਨ ਦਿੰਦੇ ਹੋਏ ਕਿਹਾ ਕਿ ਪੰਜਾਬ ਵਿਚ ਨਸ਼ੇ ਨਾਲ ਨਸਲਕੁਸ਼ੀ ਕੀਤੀ ਗਈ ਹੈ। ਨਸ਼ੇ ਨੇ ਘਰਾਂ ਵਿਚ ਸੱਥਰ ਵਿਛਾਏ ਹਨ। ਉਨ੍ਹਾਂ ਕਿਹਾ ਕਿ ਸਾਡਾ 'ਯੁੱਧ ਨਸ਼ਿਆਂ ਵਿਰੁੱਧ' ਲਗਾਤਾਰ ਜਾਰੀ ਹੈ ਅਤੇ ਵੱਡੇ-ਵੱਡੇ ਮਗਰਮੱਛ ਵੀ ਕਿਸੇ ਕਿਸਮ ਵਿਚ ਬਖ਼ਸ਼ੇ ਨਹੀਂ ਜਾਣਗੇ।

## ਨਿਊ ਨਾਭਾ ਜੇਲ੍ਹ 'ਚ ਬੰਦ ਮਜੀਠੀਆ ਨੇ ਕੋਰਟ 'ਚ ਜਮਾਨਤ ਲਈ ਲਾਈ ਅਰਜ਼ੀ; ਪੰਜਾਬ ਸਰਕਾਰ ਨੂੰ ਨੋਟਿਸ ਜਾਰੀ !

**ਚੰਡੀਗੜ੍ਹ, 15 ਜੁਲਾਈ (ਆਵਾਜ਼ਿ ਕੌਮ ਬਿਊਰੋ)-** ਪੰਜਾਬ ਵਿੱਚ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਨੇਤਾ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਹੁਣ ਜਮਾਨਤ 'ਤੇ ਰਿਹਾਈ ਲਈ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਹਨ। ਉਨ੍ਹਾਂ ਦੇ ਵਕੀਲਾਂ ਨੇ ਮੋਹਾਲੀ ਕੋਰਟ ਵਿੱਚ ਨਿਯਮਤ ਜਮਾਨਤ ਲਈ ਅਰਜ਼ੀ ਦਾਇਰ ਕੀਤੀ ਹੈ। ਕੋਰਟ ਨੇ ਇਸ ਮਾਮਲੇ 'ਚ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ। ਮਜੀਠੀਆ ਨੂੰ 25 ਜੂਨ ਨੂੰ ਵਿਜੀਲੈਂਸ ਬਿਊਰੋ ਵੱਲੋਂ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਵੇਲੇ ਉਹ ਨਿਊ ਨਾਭਾ ਜੇਲ੍ਹ ਵਿੱਚ ਬੰਦ ਹਨ। ਇਸ ਸਮੇਂ ਮਜੀਠੀਆ ਨਾਭਾ ਜੇਲ੍ਹ ਵਿੱਚ ਨਿਆਂਪਾਲਿਕੀ ਰਿਮਾਂਡ 'ਤੇ ਹਨ। ਉਹਨਾਂ ਦਾ ਰਿਮਾਂਡ 19 ਜੁਲਾਈ ਨੂੰ ਖਤਮ ਹੋ ਰਿਹਾ ਹੈ। ਇਸ ਤੋਂ ਪਹਿਲਾਂ ਹੀ ਉਨ੍ਹਾਂ ਦੇ ਵਕੀਲਾਂ ਵੱਲੋਂ ਇੱਕ ਅਰਜ਼ੀ ਦਾਇਰ ਕੀਤੀ ਗਈ ਸੀ, ਜਿਸ ਵਿੱਚ ਜੇਲ੍ਹ ਵਿੱਚ ਉਨ੍ਹਾਂ ਦੀ ਬੈਰਕ ਬਦਲਣ ਦੀ ਮੰਗ ਕੀਤੀ ਗਈ ਹੈ। ਵਕੀਲਾਂ ਨੇ ਅਰਜ਼ੀ ਵਿੱਚ ਦਲੀਲ ਦਿੱਤੀ ਹੈ ਕਿ ਮਜੀਠੀਆ ਵਿਧਾਇਕ ਅਤੇ ਸਾਬਕਾ ਮੰਤਰੀ ਰਹਿ ਚੁੱਕੇ ਹਨ, ਇਸ ਕਰਕੇ ਉਨ੍ਹਾਂ ਲਈ ਵੱਖਰੀ ਬੈਰਕ ਦੀ ਲੋੜ ਹੈ। ਇਸ ਲਈ, ਜੇਲ੍ਹ ਮੈਨੂਅਲ ਦੇ ਅਨੁਸਾਰ ਮਜੀਠੀਆ ਨੂੰ 'ਔਰੇਂਜ ਕੈਟੇਗਰੀ' ਦੀਆਂ ਸਹੂਲਤਾਂ ਦਿੱਤੀਆਂ ਜਾਣ ਅਤੇ ਉਨ੍ਹਾਂ ਨੂੰ ਹੋਰ ਦੋਸ਼ੀ ਜਾਂ ਅੰਡਰ ਟਰਾਇਲ ਕੈਦੀਆਂ ਤੋਂ ਵੱਖ-ਵੱਖ ਰੱਖਿਆ ਜਾਣ। ਨਾਲ ਹੀ, ਉਨ੍ਹਾਂ ਦੇ ਵਕੀਲਾਂ ਨੇ ਗ੍ਰਿਫ਼ਤਾਰੀ ਦੇ ਆਧਾਰ (ਗ੍ਰਾਊਂਡ ਆਫ਼ ਅਰੇਸਟ) ਅਤੇ ਜੇਲ੍ਹ ਮੈਨੂਅਲ ਦੀ ਕਾਪੀ ਵੀ ਕੋਰਟ ਤੋਂ ਮੰਗੀ ਹੈ। ਹਾਲਾਂਕਿ ਵਕੀਲਾਂ ਦਾ ਕਹਿਣਾ ਹੈ ਕਿ ਮਜੀਠੀਆ ਜੇਲ੍ਹ ਵਿੱਚ ਠੀਕ ਹਨ। ਸਰਕਾਰ ਨੂੰ ਨੋਟਿਸ ਜਾਰੀ ਹੋਇਆ ਸੀ, ਪਰ ਹਾਲੇ ਸਰਕਾਰ ਨੇ ਜਵਾਬ ਦਾਇਰ ਨਹੀਂ ਕੀਤਾ। ਮਾਮਲੇ ਦੀ ਸੁਣਵਾਈ 17 ਤਾਰੀਖ ਨੂੰ ਹੋਏਗੀ।



**ਵਿਜੀਲੈਂਸ ਵੱਲੋਂ ਮੁੜ ਛਾਪੇਮਾਰੀ :** ਬਿਕਰਮ ਸਿੰਘ ਮਜੀਠੀਆ ਦੀ ਅੰਮ੍ਰਿਤਸਰ ਦੇ ਗ੍ਰੀਨ ਐਵੇਨਿਊ ਸਥਿਤ ਰਿਹਾਇਸ਼ ਅਤੇ ਮਜੀਠਾ ਸਥਿਤ ਦਫ਼ਤਰ 'ਤੇ ਮੰਗਲਵਾਰ ਨੂੰ ਮੁੜ ਵਿਜੀਲੈਂਸ ਵਲੋਂ ਛਾਪੇਮਾਰੀ ਕੀਤੀ ਗਈ ਹੈ। ਜਾਣਕਾਰੀ ਅਨੁਸਾਰ ਉਨ੍ਹਾਂ ਦੀ ਰਿਹਾਇਸ਼ 'ਤੇ ਵੱਡੀ ਗਿਣਤੀ ਪੁਲਿਸ ਬਲ ਦੇ ਜਵਾਨ ਤਾਇਨਾਤ ਕਰ ਦਿੱਤੇ ਗਏ ਸਨ।

**ਮਜੀਠੀਆ ਦੀ ਕਿਸੇ ਪ੍ਰਾਪਰਟੀ ਦੀ ਨਹੀਂ ਹੋਵੇਗੀ ਤਲਾਸ਼ੀ, ਅਦਾਲਤੀ ਹੁਕਮਾਂ ਤੋਂ ਬਾਅਦ ਵਿਜੀਲੈਂਸ ਰੇਡ ਰੋਕੀ ਗਈ :** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਅੰਮ੍ਰਿਤਸਰ ਦੇ ਗ੍ਰੀਨ ਐਵੇਨਿਊ ਸਥਿਤ ਰਿਹਾਇਸ਼ ਅਤੇ ਮਜੀਠਾ ਸਥਿਤ ਦਫ਼ਤਰ 'ਤੇ ਵਿਜੀਲੈਂਸ ਵਲੋਂ ਛਾਪੇਮਾਰੀ ਕਰਨ ਦੇ ਮਾਮਲੇ 'ਚ ਵੱਡਾ ਅਪਡੇਟ ਆਇਆ ਹੈ। ਹੁਣ ਬਿਕਰਮ ਸਿੰਘ ਮਜੀਠੀਆ ਦੀ ਕਿਸੇ ਪ੍ਰਾਪਰਟੀ ਦੀ ਤਲਾਸ਼ੀ ਨਹੀਂ ਹੋਵੇਗੀ। ਬਿਕਰਮ ਸਿੰਘ ਮਜੀਠੀਆ ਦੇ ਵਕੀਲ ਅਰਸ਼ਦੀਪ ਸਿੰਘ ਕਲੇਰ ਨੇ ਇਸ ਦੀ ਜਾਣਕਾਰੀ ਦਿੱਤੀ ਹੈ।

## ਸ੍ਰੀ ਹਰਿਮੰਦਰ ਸਾਹਿਬ ਵਿਖੇ ਧਮਾਕਾ ਕਰਨ ਦੀ ਮੁੜ ਆਈ ਧਮਕੀ ਭਰੀ ਈਮੇਲ ,ਪੈਰਾਮਿਲਟਰੀ ਫੋਰਸ ਕੀਤੀ ਤੈਨਾਤ

**ਅੰਮ੍ਰਿਤਸਰ, 15 ਜੁਲਾਈ (ਆਵਾਜ਼ਿ ਕੌਮ ਬਿਊਰੋ)-** ਸ਼੍ਰੋਮਣੀ ਕਮੇਟੀ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਧਮਾਕਾ ਕਰਨ ਦੀ ਧਮਕੀ ਭਰੀ ਈਮੇਲ ਮੁੜ ਮਿਲੀ ਹੈ। ਲਗਾਤਾਰ ਦੂਸਰੇ ਦਿਨ ਆਈ ਧਮਕੀ ਦੇ ਮੱਦੇਨਜ਼ਰ ਸ੍ਰੀ ਦਰਬਾਰ ਸਾਹਿਬ ਵਿਖੇ ਕਰੜੇ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। ਪੰਜਾਬ ਪੁਲਿਸ ਅਤੇ ਕੇਂਦਰੀ ਏਜੰਸੀਆਂ ਤੋਂ ਇਲਾਵਾ ਪੈਰਾਮਿਲਟਰੀ ਫੋਰਸ ਵੀ ਤੈਨਾਤ ਕੀਤੀ ਗਈ ਹੈ। ਸ੍ਰੀ ਦਰਬਾਰ ਸਾਹਿਬ ਦੇ ਸਾਰੇ ਜੋੜੇ ਅਤੇ ਗੱਠੜੀ ਘਰਾਂ ਦੇ ਵਿੱਚ ਸਰਚ ਅਭਿਆਨ ਚਲਾਇਆ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਬੰਧੀ ਸਥਾਨਕ ਪੁਲਿਸ ਪ੍ਰਸ਼ਾਸਨ ਅਤੇ ਸਰਕਾਰ ਨੂੰ ਜਾਣੂ ਕਰਵਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸੰਗਤਾਂ ਆਮ ਵਾਂਗ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨ ਕਰਨ ਆ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜੇਕਰ ਬੀਤੇ ਕੱਲ੍ਹ ਈਮੇਲ ਰਾਹੀਂ ਮਿਲੀ ਧਮਕੀ ਮਾਮਲੇ ਵਿਚ ਪੁਲਿਸ ਅਤੇ ਸਰਕਾਰ ਵਲੋਂ ਕਾਰਵਾਈ ਕੀਤੀ ਹੁੰਦੀ ਤਾਂ ਅੱਜ ਮੁੜ ਅਜਿਹੀ ਧਮਕੀ ਨਾ ਆਉਂਦੀ। ਸ਼੍ਰੋਮਣੀ ਕਮੇਟੀ ਦੇ ਸਕੱਤਰ ਨੇ ਕਿਹਾ ਕਿ ਕਿਸੇ ਅਣਪਛਾਤੇ ਨੇ ਈਮੇਲ ਭੇਜ ਕੇ ਸ੍ਰੀ ਦਰਬਾਰ ਸਾਹਿਬ ਨੂੰ ਉਡਾਉਣ ਦੀ ਮੁੜ ਧਮਕੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਸਮੇਤ ਵੱਖ-ਵੱਖ ਧਰਮਾਂ ਦੇ ਉੱਚ ਧਾਰਮਿਕ ਸਥਾਨਾਂ ਨੂੰ ਉਡਾਉਣ ਦੀ ਧਮਕੀ ਭਰੀ ਈਮੇਲ ਆਈ ਹੈ। ਸ੍ਰੀ ਦਰਬਾਰ ਸਾਹਿਬ ਸਮੁੱਚੀ ਮਾਨਵਤਾ ਦੀ ਆਸਥਾ ਦਾ ਕੇਂਦਰ ਹੈ। ਇਥੇ ਵੱਖ-ਵੱਖ ਧਰਮਾਂ ਵਰਗਾਂ ਦੇ ਲੋਕ ਸ਼ਰਧਾ ਭਾਵਨਾ ਦੇ ਨਾਲ ਨਤਮਸਤਕ ਹੋਣ ਲਈ ਆਉਂਦੇ ਹਨ ਪਰ ਲੱਗਦਾ ਇਹ ਕੁੱਝ ਸਮਾਜ ਵਿਰੋਧੀ ਤਾਕਤਾਂ ਤੇ ਸ਼ਰਾਰਤੀ ਅਨਸਰਾਂ ਨੂੰ ਇਹ ਹਜ਼ਮ ਨਹੀਂ ਹੋ ਰਿਹਾ। ਇਸ ਕਰਕੇ ਅਜਿਹੀ ਧਮਕੀ ਭੇਜ ਕੇ ਲੋਕਾਂ 'ਚ ਦਹਿਸ਼ਤ ਫੈਲਾਉਣ ਦੀ ਸਾਜਿਸ਼ ਘੜੀ ਗਈ ਹੈ। ਜਿਸ ਦਾ ਸੰਗਤ ਦੀ ਸ਼ਰਧਾ ਭਾਵਨਾ 'ਤੇ ਕੋਈ ਅਸਰ ਨਹੀਂ ਹੋਇਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ਸਰਕਾਰ ਨੂੰ ਅਪੀਲ ਕੀਤੀ ਗਈ ਹੈ ਕਿ ਸੂਬਾ ਅਤੇ ਕੇਂਦਰ ਸਰਕਾਰ ਇਸ ਮਾਮਲੇ ਦੀ ਪੂਰੀ ਡੂੰਘਾਈ ਨਾਲ ਜਾਂਚ ਕਰਕੇ ਦੋਸ਼ੀਆਂ ਨੂੰ ਕਾਬੂ ਕਰਕੇ ਸਖਤ ਤੋਂ ਸਖਤ ਸਜ਼ਾਵਾਂ ਦੇਣ। ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਵੇਸ਼ ਦੁਆਰਾਂ ਦੇ ਬਾਹਰ ਪੁਲਿਸ ਵਲੋਂ ਜਿਥੇ ਵਿਸ਼ੇਸ਼ ਚੌਕਸੀ ਵਰਤੀ ਜਾ ਰਹੀ ਹੈ, ਉਥੇ ਬੀ.ਐਸ.ਐਫ. ਦੇ ਜਵਾਨ ਵੀ ਤਾਇਨਾਤ ਦੇਖੇ ਗਏ ਹਨ। ਦੱਸ ਦੇਈਏ ਕਿ ਇੱਕ ਦਿਨ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਗੁਰੂ ਰਾਮਦਾਸ ਲੰਗਰ ਹਾਲ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਭਰੀ ਈਮੇਲ ਆਈ ਸੀ। ਬੀਤੀ ਰਾਤ ਸ੍ਰੀ ਗੁਰੂ ਰਾਮਦਾਸ ਲੰਗਰ ਹਾਲ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦੇ ਮਾਮਲੇ ਵਿੱਚ ਅੰਮ੍ਰਿਤਸਰ ਪੁਲਿਸ ਨੇ ਐਫਆਈਆਰ ਦਰਜ ਕੀਤੀ ਸੀ। ਅੰਮ੍ਰਿਤਸਰ ਪੁਲਿਸ ਵੱਲੋਂ ਬੰਬ ਨਿਰੋਧਕ ਦਸਤੇ ਅਤੇ ਸਾਈਬਰ ਕ੍ਰਾਈਮ ਵਿੰਗ ਸਮੇਤ ਵੱਖ-ਵੱਖ ਏਜੰਸੀਆਂ ਨੂੰ ਚੌਕਸ ਕੀਤਾ ਗਿਆ। ਈਮੇਲ 'ਚ ਆਰਡੀਐਕਸ ਨਾਲ ਲੰਗਰ ਹਾਲ ਨੂੰ ਉਡਾਉਣ ਦੀ ਧਮਕੀ ਦਿੱਤੀ ਗਈ ਸੀ।



## ਬੰਬੇ ਸਟਾਕ ਐਕਸਚੇਂਜ ਤੇ ਦਿੱਲੀ ਦੇ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ, ਪੁਲਿਸ ਨੇ ਵਧਾਈ ਸੁਰੱਖਿਆ



**ਮੁੰਬਈ/ਦਿੱਲੀ, 15 ਜੁਲਾਈ (ਆਵਾਜ਼ਿ ਕੌਮ ਬਿਊਰੋ)-** ਬੰਬੇ ਸਟਾਕ ਐਕਸਚੇਂਜ ਨੂੰ ਸਵੇਰੇ ਇੱਕ ਈਮੇਲ ਰਾਹੀਂ ਬੰਬ ਦੀ ਧਮਕੀ ਮਿਲੀ। ਇਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ BSE ਦੀ ਟਾਵਰ ਬਿਲਡਿੰਗ ਵਿੱਚ ਚਾਰ RDX ਬੰਬ ਲਗਾਏ ਗਏ ਹਨ, ਜੋ ਦੁਪਹਿਰ 3 ਵਜੇ ਫਟਣਗੇ। ਧਮਕੀ ਭਰਿਆ ਈਮੇਲ 'ਕਾਮਰੇਡ ਪਿਨਾਰਾਈ ਵਿਜਯਨ' ਨਾਮ ਦੇ ਅਕਾਊਂਟ ਤੋਂ ਭੇਜਿਆ ਗਿਆ ਸੀ। ਧਮਕੀ ਮਿਲਣ ਤੋਂ ਬਾਅਦ, ਬੰਬ ਸਕੁਐਡ ਅਤੇ ਮੁੰਬਈ ਪੁਲਿਸ ਦੀ ਟੀਮ ਨੇ BSE ਇਮਾਰਤ ਦੀ ਚੰਗੀ ਤਰ੍ਹਾਂ ਜਾਂਚ ਕੀਤੀ ਅਤੇ ਤਲਾਸ਼ੀ ਲਈ, ਪਰ ਕੋਈ ਸ਼ੱਕੀ ਵਸਤੂ ਨਹੀਂ ਮਿਲੀ। ਇਸ ਮਾਮਲੇ ਵਿੱਚ, ਅਣਪਛਾਤੇ ਮੁਲਜ਼ਮਾਂ ਵਿਰੁੱਧ ਭਾਰਤੀ ਦੰਡ ਸੰਹਿਤਾ ਦੀ ਧਾਰਾ 351(1)(b), 353(2), 351(3), 351(4) ਦੇ ਤਹਿਤ ਮਾਤਾ ਰਾਮਾਬਾਈ ਅੰਬੇਡਕਰ ਮਾਰਗ ਪੁਲਿਸ ਸਟੇਸ਼ਨ ਵਿੱਚ ਐਫਆਈਆਰ ਦਰਜ ਕੀਤੀ ਗਈ ਹੈ। ਪੁਲਿਸ ਹੁਣ ਈਮੇਲ ਭੇਜਣ ਵਾਲੇ ਦੀ ਪਛਾਣ ਕਰਨ ਅਤੇ ਉਸਨੂੰ ਗ੍ਰਿਫ਼ਤਾਰ ਕਰਨ ਲਈ ਜਾਂਚ ਕਰ ਰਹੀ ਹੈ। ਸਾਈਬਰ ਸੈੱਲ ਵੀ ਇਹ ਪਤਾ ਲਗਾਉਣ ਲਈ ਜਾਂਚ ਵਿੱਚ ਜੁਟਿਆ ਹੋਇਆ ਹੈ ਕਿ ਈਮੇਲ ਕਿੱਥੋਂ ਅਤੇ ਕਿਸਨੇ ਭੇਜੀ ਹੈ। ਸੁਰੱਖਿਆ ਏਜੰਸੀਆਂ ਨੇ ਸਾਵਧਾਨੀ ਵਜੋਂ BSE ਅਤੇ ਆਲੇ ਦੁਆਲੇ ਦੇ ਖੇਤਰਾਂ ਵਿੱਚ ਸੁਰੱਖਿਆ ਸਖ਼ਤ ਕਰ ਦਿੱਤੀ ਹੈ। ਇਸ ਦੌਰਾਨ, ਦਿੱਲੀ ਦੇ ਦਵਾਰਕਾ ਇਲਾਕੇ ਦੇ ਸੇਂਟ ਥਾਮਸ ਸਕੂਲ ਅਤੇ ਦਿੱਲੀ ਯੂਨੀਵਰਸਿਟੀ ਦੇ ਸੇਂਟ ਸਟੀਫਨ ਕਾਲਜ ਨੂੰ ਬੰਬ ਨਾਲ ਉਡਾਉਣ ਦੀਆਂ ਧਮਕੀਆਂ ਮਿਲੀਆਂ ਹਨ। ਇਹ ਧਮਕੀ ਈਮੇਲ ਰਾਹੀਂ ਵੀ ਮਿਲੀ ਸੀ। ਦਿੱਲੀ ਪੁਲਿਸ, ਬੰਬ ਸਕੁਐਡ, ਡੌਗ ਸਕੁਐਡ, ਦਿੱਲੀ ਫਾਇਰ ਡਿਪਾਰਟਮੈਂਟ ਟੀਮ ਅਤੇ ਸਪੈਸ਼ਲ ਸਟਾਫ ਦੀ ਟੀਮ ਮੌਕੇ 'ਤੇ ਪਹੁੰਚ ਗਈ ਹੈ। ਦੋਵਾਂ ਸਕੂਲਾਂ ਨੂੰ ਖਾਲੀ ਕਰਵਾ ਲਿਆ ਗਿਆ ਹੈ ਅਤੇ ਪੂਰੇ ਕੈਂਪਸ ਦੀ ਪੂਰੀ ਤਰ੍ਹਾਂ ਤਲਾਸ਼ੀ ਲਈ ਗਈ ਹੈ। ਹੁਣ ਤੱਕ, ਪੁਲਿਸ ਨੂੰ ਸਕੂਲ ਜਾਂ ਕਾਲਜ ਤੋਂ ਕੁਝ ਵੀ ਸ਼ੱਕੀ ਨਹੀਂ ਮਿਲਿਆ ਹੈ।

ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ

ਆਵਾਜ਼ਿ ਕੌਮ AWAZE QAUM TV

# AWAZE QAUM TOURS & TRAVELS

ORGANISE

# PANJ TAKHAT YATRA

# ਪੰਜ ਤਖ਼ਤ ਦਰਸ਼ਨ ਯਾਤਰਾ

## ( FROM 15th FEB 2026 TO 25th FEB 2026 )

10 Nights 11 Days Tour From 15th Feb 2026 to 25th Feb 2026

AKAL TAKHAT SAHIB & 5 OTHER PLACES | HYDRABAD & 2 OTHER PLACES
HAZUR SAHIB & 8 OTHER GURUDWARAS | PATNA SAHIB & 5 OTHER GURUDWARA
CHANDIGARH & SUKHNA LAKE | ANANDPUR SAHIB & 4 OTHER GURUDWARAS
DAMDAMA SAHIB & 3 OTHER GURUDWARAS

- Luxury Hotel with Breakfast & Dinner
- Luxury Air-conditioned Coaches
- Domestic Flights
- Guide
- Flexibility to stay in India before & after the trip*
- Starting and Ending Point at Jalandhar

NOTE: TO BOOK DEPOSIT £600 AS AN ADVANCE INTO THE MENTIONED BANK ACCOUNT
BALANCE AMOUNT NEED TO BE DEPOSITED 2 WEEKS BEFORE THE TRAVEL DATE

Account Name
RAGHBIR SINGH
Bank Name
HALIFAX
Sort Code 11-08-07
Account Number
00516474

ADVICE

REQUEST TO ALL SANGAT TO HAVE YOUR OWN TRAVEL INSURANCE INDIVIDUALLY !

FOR MORE INFO CONTACT

RAGHBIR SINGH
(CALL + 44 7458 381111, + 44 7976 210161)

PARAMJIT SHERGILL
+44 7858 198159

INDERJIT KAUR
+44 7883 635835

KULVINDER MANN
+44 7900 982906

121, BROADWAY WEST WALSALL, WEST MIDLANDS, WS1 4DW, ENGLAND UK




## ਸ੍ਰੀ ਅਖੰਡ ਪਾਠ ਸਾਹਿਬ

# SRI AKHAND PAATH SAHIB

## 18-20TH JULY 2025

**SRI GURU SINGH SABHA SOUTHALL, PARK AVENUE I UB13AG**

ਸ਼ਹੀਦ ਜਨਰਲ ਲਾਭ ਸਿੰਘ ਮੁਖੀ ਖਾਲਿਸਤਾਨ ਕਮਾਂਡੋ ਫੋਰਸ : ਸ਼ਹੀਦ ਜਨਰਲ ਅਵਤਾਰ ਸਿੰਘ ਬ੍ਰਹਮਾ ਮੁਖੀ ਖਾਲਿਸਤਾਨ ਲਿਬਰੇਸ਼ਨ ਫੋਰਸ : ਸ਼ਹੀਦ ਜਨਰਲ ਗੁਰਜੰਟ ਸਿੰਘ ਬੁਧਸਿੰਘ ਵਾਲਾ ਮੁਖੀ ਖਾਲਿਸਤਾਨ ਲਿਬਰੇਸ਼ਨ ਫੋਰਸ : ਸ਼ਹੀਦ ਭਾਈ ਮਹਿੰਦਰ ਸਿੰਘ ਟੋਰੰਟੋ (ਕੈਨੇਡਾ)

**ਸਿੱਖ ਫੈਡਰੇਸ਼ਨ ਯੂ. ਕੇ.**

ਪਰਮਿੰਦਰ ਸਿੰਘ ਬੱਲ ਪ੍ਰਧਾਨ, ਅਜੀਤਪਾਲ ਸਿੰਘ ਸਹੋਤਾ ਜਨਰਲ ਸਕੱਤਰ, ਹਰਮੇਲ ਸਿੰਘ ਖ਼ਾਲਸਾ ਆਰਗੇਨਾਈਜ਼ਰ ਟੈਲੀਫ਼ੋਨ : 07771 608 363, ਈ-ਮੇਲ : PSBAL46@gmail.com

## ★ ਸ਼ਹੀਦੀ ਸਮਾਗਮ ★

ਸ੍ਰੀ ਆਖੰਡ ਪਾਠ ਦੇ ਭੋਗ ਉਪਰੰਤ - 11 ਵਜੇ ਤੋਂ ਇਕ ਵਜੇ ਤੱਕ ਦੀਵਾਨ ਸਜੇਗਾ। ਪੰਥਕ ਬੁਲਾਰੇ ਸ਼ਹੀਦ ਸਿੰਘਾਂ ਦੀਆਂ ਜੀਵਨੀਆਂ ਤੇ ਵਿਚਾਰ ਰੱਖਣਗੇ। ਸਮੂੰਹ ਪੰਥਕ ਆਗੂਆਂ ਨੂੰ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ। ਸੰਗਤਾਂ ਨੂੰ ਹੁੰਮ-ਹੁਮਾ ਕੇ ਪੁੱਜਣ ਦੀ ਅਪੀਲ ਕੀਤੀ ਜਾਂਦੀ ਹੈ।



DAMDAMI TAKSAL
JATHA (UK & EUROPE)
ਅੰਮ੍ਰਿਤ ਸੰਚਾਰ
AMRIT SANCHAR
SOUTHALL
ਆਵਾਜ਼ਿ ਕੌਮ
AWAZE QAUM
International Newspaper & WEB TV
SUNDAY 20TH JULY | 1PM
SRI GURU SINGH SABHA SOUTHALL
2-8 PARK AVE | SOUTHALL | UB1 3AG
ਕੇਸੀ ਇਸ਼ਨਾਨ ਕਰਕੇ ਪਹੁੰਚੋ । ਕੱਕਾਰ ਉਪਲਬਧ ਹੋਣਗੇ
ARRIVE AFTER DOING FULL KESI ISHNAAN (BODY & HAIR WASH)
KAKKARS WILL BE AVAILABLE
CONTACT 07940 270 120 FOR MORE DETAILS

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death

Sant Jarnail Singh Ji Khalsa Bhindranwale
www.damdamitaksal.net


ਦਮਦਮੀ ਟਕਸਾਲ
ਜਥਾ ਭਿੰਡਰਾਂ (ਮਹਿਤਾ)
www.damdamitaksal.net

ਨਾਮ ਜਪੋ
ਕਿਰਤ ਕਰੋ
ਵੰਡ ਛੱਕੋ

Naam Japo
Kirat Karo
Vand Shako

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi

ਗਤਕਾ ਸਿੱਖੋ Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.

Publisher/Chief Editor
Raghbir Singh Walsal
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV




ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


ਦੇਗ ਤੇਗ ਫ਼ਤਿਹ - ਪੰਥ ਕੀ ਜੀਤ

ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਅਤੇ ਮਾਤਾ ਸਾਹਿਬ ਕੌਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ




29ਵਾਂ ਸਲਾਨਾ ਜੋੜ ਮੇਲਾ
ਗੁਰਮਤਿ ਸਮਾਗਮ

1 ਨਵੰਬਰ 2025, ਦਿਨ ਸ਼ਨੀਵਾਰ ਨੂੰ
ਬੱਬਰਾਂ ਦੇ ਹਾਈ ਕੋਰਟ ਗੁਰਦੁਆਰਾ ਸ਼ਹੀਦਾਂ, ਜੱਸੋਵਾਲ ਵਿਖੇ
ਬੜੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ।




ਲੜੀ ਅਰੰਭ ਸ੍ਰੀ ਅਖੰਡ ਪਾਠ ਸਾਹਿਬ -20 ਅਕਤੂਬਰ, ਸੋਮਵਾਰ, ਸਵੇਰੇ 10 ਵਜੇ
ਲੜੀ ਭੋਗ ਸ੍ਰੀ ਅਖੰਡ ਪਾਠ ਸਾਹਿਬ -1 ਨਵੰਬਰ, ਸ਼ਨੀਵਾਰ, ਸਵੇਰੇ 9 ਵਜੇ

ਜੋੜ ਮੇਲੇ ਵਿੱਚ ਸਿੰਘ ਸਾਹਿਬਾਨ, ਦਮਦਮੀ ਟਕਸਾਲ, ਸੰਤ ਮਹਾਂਪੁਰਸ਼, ਸੰਪਰਦਾਵਾਂ ਦੇ ਮੁਖੀ, ਨਿਹੰਗ ਸਿੰਘ ਜਥੇਬੰਦੀਆਂ, ਸ਼੍ਰੋਮਣੀ ਕਮੇਟੀ ਮੈਂਬਰ, ਨਿਰਮਲੇ, ਉਦਾਸੀ, ਧਾਰਮਿਕ, ਕਿਸਾਨ ਆਗੂ, ਹਰ ਪਾਰਟੀ ਦੇ ਸਿਆਸੀ ਲੀਡਰ, ਇੰਟਰਨੈਸ਼ਨਲ ਪੰਥਕ ਦਲ ਯੂ.ਕੇ. ਅਤੇ ਭਾਰਤ ਦੇ ਸਮੂਹ ਅਹੁਦੇਦਾਰ ਅਤੇ ਨਾਮਵਰ ਰਾਗੀ-ਢਾਡੀ-ਕਵੀਸ਼ਰ ਜਥੇ ਪਹੁੰਚ ਰਹੇ ਹਨ।

ਨੋਟ : ਇਹ ਸਮਾਗਮ 13 ਦਿਨ ਚੱਲੇਗਾ

ਸਮੂਹ ਸੰਗਤ ਨੂੰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਗੁਰੂ ਦੇ ਲੰਗਰ ਅਤੇ ਚਾਹ ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।



ਬੇਨਤੀ ਕਰਤਾ
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ
ਜਾਰੀ ਕਰਤਾ : ਭਾਈ ਜਰਨੈਲ ਸਿੰਘ ਢਿੱਲੋਂ, ਬੀਬੀ ਅਰਸ਼ਪ੍ਰੀਤ ਕੌਰ 84278-66404

ਸੰਪਰਕ ਨੰਬਰ
98141-27470
84278-66404
73408-35137

ਵਾਹਿਗੁਰੂ ਜੀ ਕਾ ਖਾਲਸਾ ।

ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ

ਵਾਹਿਗੁਰੂ ਜੀ ਕੀ ਫ਼ਤਹਿ ॥

ਆਵਾਜ਼ਿ ਕੌਮ AWAZE QAUM

# ਆਵਾਜ਼ਿ-ਕੌਮ ਟੂਰ ਐਂਡ ਟਰੈਵਲਜ਼

**RAGHBIR SINGH (Call : +44 7976 210161)**
**121. Broadway west Walsall, West Midlands, WS1 4DW, England uk**


ਸ੍ਰੀ ਅਕਾਲ ਤਖ਼ਤ ਸਾਹਿਬ
SRI AKAL TAKHAT SAHIB


ਸ੍ਰੀ ਪਟਨਾ ਸਾਹਿਬ
SRI PATNA SAHIB


ਸ੍ਰੀ ਕੇਸਗੜ੍ਹ ਸਾਹਿਬ
SRI KESGARH SAHIB


ਸ੍ਰੀ ਦਮਦਮਾ ਸਾਹਿਬ
SRI DAMDAMA SAHIB


ਸ੍ਰੀ ਹਜ਼ੂਰ ਸਾਹਿਬ
SRI HAZUR SAHIB

# PANJ TAKHAT YATRA

**Thank you for choosing us to go to PANJ TAKHAT YATRA in February 2026 (15th Feb – 25thFeb 2026). During the stay we will try to provide you with all the possible facilities to make this trip a memorable one.**

## Tour Package

**Akal Takhat Sahib & 5 Other Places**
**Hydrabad & 5 Other Places**
**Hazur Sahib & 8 Other Gurudwaras**
**Patna Sahib & 5 Other Gurudwaras**
**Chandigarh & Sukhna Lake**
**Anandpur Sahib & 4 Other Gurudwaras**
**Damdama Sahib & 3 Other Gurudwaras**

- Luxury Hotel With Breakfast & Dinner
- Luxury Air-Conditioned Coaches
- Domestic Flights
- Guided
- Flexibility to stay in India before & after the trip
- Starting and Ending Point at Jalandhar

**Note : To Book Deposit £600 as an advance into the mentioned bank account balance amout need to be deposited 2 weeks before the travel date.**

**Account Name : RAGHBIR SINGH**
**Bank Name : HALIFAX**
**Sort Code : 11-08-07**
**Account No. : 00516474**

**Contact Detail :**
**+44 7458 381111 +44 7976 210161**
**email: gnstuk@hotmail.com**

**To Book please ring (+44 7458 381111) or WhatsApp (+44 7976 210161) / email (gnstuk@hotmail.com) the next of kin form along with a copy of your passport.**

**--ADVICE--**
**Request to all Sangat to have own travel Insurance individualy!**

**Program is subject to change without Prior Notice.**

ਆਵਾਜ਼ਿ ਕੌਮ AWAZE QAUM

### JOURNEY OF A LIFE TIME

# PANJ TAKHT YATRA

## 5 TAKHAT YATRA - 10 NIGHTS / 11 DAYS

ਆਵਾਜ਼ਿ ਕੌਮ AWAZE QAUM

### 15th FEB. Day 1st.



**Meeting** at Gurdwara Sri Dukh Niwaran sahib patshahi 9 Guru Teg Bahadur Nagar Jalandhar and start the journey on ward drive to Amritsar sahib stop at Kartar pur to see Jung e Ajadi museum (if it is open) later drive to Amritsar check in hotel and later visit to Sri Akal Takhat sahib back to hotel and dinner in the hotel.

### 16th Feb. Day 2nd.




Early morning check out to drive to airport to take flight at 730 am to Hyderabad after arrival and proceed to see the museum than back to the hotel check in and lunch in the hotel later at 4 pm proceed to visit char minar dinner will be paid by the people directly.

### 17th Feb Day 3rd



After break fast drive to Bidar it is 3 hrs journey on arrival Darshan and lunch at the Langar than drive to Nanded again 3 hrs journey reach there check in sran and do darshan dinner at the langar.

### 18th Feb Day4th



Morning Darshan and break fast in the Langar After breakfast start for the tour of Gurdwaras, Visit to Gurdwara Nagina Ghat, Gurdwara Baba Banda Bahadur ji, Gurdwara Mal Tekri sahib, Gurdwara Heera Ghat later Gurdwara Mata Sahib Deva ji- Lunch in the langar, later to gurdwara Shikar Ghat here you have tea with pakoras later to gurdwara Sangat sahib back to city of Nanded and visit to Gurdwara Baba Nidhan singh ji, dinner at the Langar of Baba Nidhan singh ji

### 19th Feb Day5th



Leave at 6 am and drive to Hyderabaad we will stop at kings restaurant for quick tea and to use of wash rooms than to Hyderabad at paradise restaurant to have quick hyderabaadi veg biryani paid by the AWAJE QUAM TOURS from here we proceed to airport for the flight to Patna sahib arrival and we proceed to our hotel check in and dinner in the hotel

### 20th Feb. Day 6th



After break fast proceed to visit to Gurdwara Sach Khand Sri Patna sahib later Gurdwara Bal Leela sahib and Langar here later visit to Gurdwara Kangan Ghat sahib, Gurdwara Gau Ghat sahib Gurdwara Guru Ka Bagh and gurdwara Handi sahib back to our hotel and do dinner

### 21st Feb Day 7th



After Break fast proceed to the airport for the flight to chandigarh arrival and from here we go to visit to Sukhna lake later check in the hotel dinner at the hotel and relax.

### 22th Feb Day 8th



After breakfast proceed to visit to Anandpur sahib lunch at the langar later drive to Bathinda check in hotel and dinner at the hotel and relax.

### 23rd Feb Day 9th



After break fast proceed at 9 am to visit Takhat sri Damdama Sahib lunch at the Langar after that we proceed to Sri Amritsar sahib check in hotel dinner at the hotel.

### 24th Feb Day 10th



After break fast proceed at 9 am to visit Sri Harimander sahib, jallianwala bagh Parition Musuem and lunch at the Bharawan da dhabha by the AWAJE QAUM TOURS than drive to Wagah Border, See the ceremony then back to the hotel. Dinner at the hotel.

### 25th Feb Day 11th

**After breakfast proceed to Jalandhar to end the tour with happy memories and with promise to travel again together at Gurdwara Sri Dukh Niwaran sahib Patshahi 9th Guru Teg Bahdur ji Nagar.**

**THANKS FOR TRAVELLING WITH US & STAY BLESSED! LOOKING FORWARD TO TAKE YOU TO ON ANOTHER GREAT JOURNEY**

**FOR MORE INFORMATION PLS. CONTACT**

| | | | |
|---|---|---|---|
| **RAGHBIR SINGH** | **PARAMJIT SHERGILL** | **INDERJIT KAUR** | **KULVINDER MANN** |
| **+44 7458 381111, +44 7976 210161** | **+44 7858 198159** | **+44 7883 635835** | **+44 7900 982906** |


ੴ ਸਤਿਗੁਰ ਪ੍ਰਸਾਦਿ
ਸਿਖਹੁ ਸੁਣਹੁ ਸੀਖ ਇਹ ਮੇਰੀ॥ ਬਾਣੀ ਪੜਹੁ ਸੁਧ ਗੁਰ ਕੇਰੀ॥ ਪੜੈ ਮਹਾਤਮ ਲਹੈ ਬਿਸਾਲਾ॥ ਹਲਤ ਪਲਤ ਮਹਿ ਹੋਇ ਨਿਹਾਲਾ॥
ਗੁਰਦੁਆਰਾ ਸਾਹਿਬ ਰਿਵਰਸਾਈਡ
ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ,
ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ 350 ਸਾਲਾ ਗੁਰਤਾਗੱਦੀ ਸ਼ਤਾਬਦੀ ਅਤੇ ਭਾਈ ਮਤੀ ਦਾਸ ਜੀ,
ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ
ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵੱਲੋਂ
ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਸਹਿਯੋਗ ਨਾਲ
ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ੁੱਧ ਪਾਠ ਬੋਧ (ਸੰਥਿਆ) ਸਮਾਗਮ
ਜੂਨ 29, 2025 ਤੋਂ ਅਗਸਤ 3, 2025 ਤੱਕ
ਸ਼ਨੀਵਾਰ ਅਤੇ ਐਤਵਾਰ ਦੁਪਹਿਰ 2:00 ਤੋਂ 5:00 ਵਜੇ ਤੱਕ
ਸੋਮਵਾਰ ਤੋਂ ਸ਼ੁੱਕਰਵਾਰ ਸ਼ਾਮ 5:00 ਤੇ 8:00 ਵਜੇ ਤੱਕ
ਸੰਗਤਾਂ ਨੂੰ ਬੇਨਤੀ ਹੈ ਕਿ ਗੁਰਬਾਣੀ ਦੇ ਸ਼ੁੱਧ ਉਚਾਰਨ ਸਿੱਖਣ ਲਈ ਸਮਾਗਮਾਂ ਵਿੱਚ ਸ਼ਾਮਿਲ ਹੋ ਕੇ ਲਾਹਾ ਪ੍ਰਾਪਤ ਕਰੋ ਜੀ
YouTube LIVE STREAM @gurdwarasahibriverside
951-201-7034, 832-541-9136, 951-685-9701
7940 Mission Blvd Jurupa Valley 92509
ਆਵਾਜ਼ਿ ਕੌਮ AWAZE QAUM
International Newspaper & WEB TV


--✶ ਗੁਰੂ ਪੰਥ ਦਾ ਸੇਵਾਦਾਰ ✶--
ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ
ਮੁਖੀ ਦਮਦਮੀ ਟਕਸਾਲ,
ਜਥਾ ਭਿੰਡਰਾਂ, ਮਹਿਤਾ
ਅਤੇ ਪ੍ਰਧਾਨ ਸੰਤ ਸਮਾਜ

# ਗੁਰਬਾਣੀ ਅਤੇ ਸਿੱਖ ਇਤਿਹਾਸ ’ਚ ਸਾਵਣ ਮਹੀਨਾ

-ਕਿਰਪਾਲ ਸਿੰਘ ਬਠਿੰਡਾ

ਜਦੋਂ ਹਾੜ ਦਾ ਮਹੀਨਾ ਭਰ-ਜੁਆਨੀ ਭਾਵ ਆਪਣੀ ਪੂਰੀ ਤਪਸ਼ ਦਾ ਜਲਵਾ ਵਿਖਾ ਰਿਹਾ ਹੁੰਦਾ ਹੈ ਤਾਂ ਸੂਰਜ ਦਾ ਰੱਥ ਫਿਰਦਾ ਹੈ, ਜਿਸ ਨਾਲ ਖਗੋਲ ਵਿਗਿਆਨ ਦੇ ਨਿਯਮਾਂ ਅਨੁਸਾਰ ਪੰਜਾਬ ’ਚ ਵਰਖਾ ਰੁੱਤ ਸ਼ੁਰੂ ਹੋ ਜਾਂਦੀ ਹੈ, ਜੋ ਬੜੀ ਸੁਹਾਵਣੀ ਹੁੰਦੀ ਹੈ। ਜੀਵ-ਜੰਤ ਸਮੇਤ ਧਰਤੀ ਦੀ ਸਾਰੀ ਬਨਸਪਤੀ ਗਰਮੀ ਤੋਂ ਛੁਟਕਾਰਾ ਪਾ ਕੇ ਅਨੰਦ ਮਾਣਦੀ ਹੈ। ਰੁੱਤਾਂ ਦੀ ਵੰਡ ਅਨੁਸਾਰ ਸਾਵਣ ਅਤੇ ਭਾਦੋਂ ਦੋ ਮਹੀਨੇ ਵਰਖਾ ਰੁੱਤ ਦੇ ਹੁੰਦੇ ਹਨ। ਬਿਕ੍ਰਮੀ ਸੰਮਤ ’ਚ ਸਾਵਣ; ਚੌਥਾ ਮਹੀਨਾ ਤੇ ਨਾਨਕਸ਼ਾਹੀ ਸੰਮਤ ’ਚ ਪੰਜਵਾਂ ਮਹੀਨਾ ਹੁੰਦਾ ਹੈ। ਨਾਨਕਸ਼ਾਹੀ ਕੈਲੰਡਰ ’ਚ ਮਹੀਨੇ ਦਾ ਅਰੰਭ; ਹਰ ਸਾਲ 1 ਸਾਵਣ 16 ਜੁਲਾਈ ਨੂੰ ਹੁੰਦਾ ਹੈ ਤੇ ਹੁੰਦਾ ਰਹੇਗਾ ਜਦੋਂ ਕਿ ਬਿਕ੍ਰਮੀ ਕੈਲੰਡਰ ਅਨੁਸਾਰ ਸੰਗਰਾਂਦ ਅੱਜ ਕੱਲ੍ਹ ਤਾਂ ਹਰ ਸਾਲ 16 ਜੁਲਾਈ ਨੂੰ ਹੁੰਦੀ ਹੈ, ਪਰ 4 ਸਾਲ ਪਿੱਛੋਂ

ਆਵਾਜ਼ਿ ਕੌਮ
AWAZE QAUM
International Newspaper & WEB TV

2027 ’ਚ 17 ਜੁਲਾਈ ਨੂੰ ਹੋਵੇਗੀ ਅਤੇ ਉਸ ਤੋਂ ਬਾਅਦ 3 ਸਾਲ 16 ਜੁਲਾਈ ਅਤੇ ਫਿਰ ਹਰ ਚੌਥੇ ਸਾਲ 17 ਜੁਲਾਈ ਨੂੰ ਹੋਇਆ ਕਰੇਗੀ। 43 ਸਾਲਾਂ ਬਾਅਦ ਭਾਵ 2066 ਤੋਂ ਪਿੱਛੋਂ ਦੋ ਸਾਲ 16 ਜੁਲਾਈ ਅਤੇ ਦੋ ਸਾਲ 17 ਜੁਲਾਈ ਕੁਝ ਹੋਰ ਸਮੇਂ ਪਿੱਛੋਂ 3 ਸਾਲ 17 ਜੁਲਾਈ ਅਤੇ ਇੱਕ ਸਾਲ 16 ਜੁਲਾਈ ਨੂੰ ਆਇਆ ਕਰੇਗੀ। ਅਗਾਂਹ ਹਰ ਸਾਲ 17 ਜੁਲਾਈ ਨੂੰ ਆਇਆ ਕਰੇਗੀ। ਇਸ ਤਰ੍ਹਾਂ ਹੌਲ਼ੀ ਹੌਲ਼ੀ ਸਮਾਂ ਪਾ ਕੇ ਜੁਲਾਈ ਦੀ ਬਜਾਏ ਅਗਸਤ ਮਹੀਨੇ ਅਤੇ ਫਿਰ ਕਦੀ ਸਤੰਬਰ ਮਹੀਨੇ ’ਚ ਪਹੁੰਚ ਜਾਵੇਗੀ।

ਗ੍ਰੈਗੋਰੀਅਨ ਕੈਲੰਡਰ ਰੁੱਤੀ ਸਾਲ ਹੋਣ ਕਰਕੇ ਵਰਖਾ ਰੁੱਤ ਹਰ ਸਾਲ 20-21 ਜੂਨ ਤੋਂ ਹੀ ਸ਼ੁਰੂ ਹੋਇਆ ਕਰੇਗੀ, ਪਰ ਇਸ ਹਿਸਾਬ ਮੁਤਾਬਕ ਇੱਕ ਦਿਨ ਐਸਾ ਵੀ ਆਵੇਗਾ ਜਦੋਂ ਬਿਕ੍ਰਮੀ ਸੰਮਤ ’ਚ ਇਹੀ ਵਰਖਾ ਰੁੱਤ ਸਾਵਣ ਭਾਦੋਂ ਦੀ ਬਜਾਏ ਪਹਿਲਾਂ ਜੇਠ ਹਾੜ ਮਹੀਨੇ ’ਚ ਹੀ ਆ ਜਾਇਆ ਕਰੇਗੀ। ਸਪਸ਼ਟ ਹੈ ਕਿ ਉਸ ਸਮੇਂ ਬਿਕ੍ਰਮੀ ਕੈਲੰਡਰ ਦੀਆਂ ਰੁੱਤਾਂ ਦਾ ਸੰਬੰਧ ਗੁਰਬਾਣੀ ਵਿੱਚ ਦਰਜ ਰੁੱਤਾਂ ਨਾਲੋਂ ਪੂਰੀ ਤਰ੍ਹਾਂ ਟੁੱਟ ਜਾਵੇਗਾ, ਇਸ ਲਈ ਸਾਨੂੰ ਜਲਦੀ ਤੋਂ ਜਲਦੀ ਰੁੱਤੀ (Tropical) ਨਾਨਕਸ਼ਾਹੀ ਕੈਲੰਡਰ ਅਪਣਾਅ ਲੈਣਾ ਚਾਹੀਦਾ ਹੈ ਤਾਂ ਜੋ ਸਿੱਖ ਇਤਿਹਾਸ ’ਚ ਦਰਜ ਹੋਣ ਵਾਲ਼ੀਆਂ ਤਾਰੀਖ਼ਾਂ ਅਤੇ ਗੁਰਬਾਣੀ ’ਚ ਦਰਜ ਰੁੱਤਾਂ; ਇੱਕ ਸਮਾਨ ਰਹਿਣ।

ਹੁਣ ਪਹਿਲਾਂ ਸਾਲ ਦੀ ਤੀਜੀ ਰੁੱਤ (ਵਰਖਾ ਰੁੱਤ) ਨਾਲ਼ ਸੰਬੰਧਿਤ “ਰਾਮਕਲੀ ਮਹਲਾ 5 ਰੁਤੀ ਸਲੋਕ” ਸਿਰਲੇਖ ਹੇਠ ਬਾਣੀ ਦੇ ਛੰਦ ਨੰਬਰ 4 ਦੀ ਤਰਤੀਬਵਾਰ ਵਿਚਾਰ ਕਰਦੇ ਹਾਂ। ਭਾਦੋਂ ਦੇ ਮਹੀਨੇ ਦੀ ਵਿਚਾਰ ਅਗਲੇ ਅੰਕ ’ਚ ਕੀਤੀ ਜਾਵੇਗੀ। ਸਾਵਣ ਮਹੀਨੇ ਨਾਲ਼ ਸੰਬੰਧਿਤ ਦੋਵੇਂ ਬਾਰਹਮਾਹਾ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਕੁੱਝ ਹੋਰ ਸ਼ਬਦ ਵੀ ਹਨ। ਇਨ੍ਹਾਂ ਸਾਰਿਆਂ ਵਿੱਚ ਇੱਕੋ ਗੱਲ ਸਮਝਾਈ ਗਈ ਹੈ ਕਿ ਸਾਵਣ ਮਹੀਨੇ ਦੇ ਮੌਸਮ ਦਾ ਪ੍ਰਭਾਵ ਜ਼ਿੰਦਗੀ ਉੱਤੇ ਜਿਸ ਤਰ੍ਹਾਂ ਪੈਂਦਾ ਹੈ; ਵੈਸੇ ਹੀ ਮਨ ’ਤੇ ਚੰਗਾ ਮੰਦਾ ਪ੍ਰਭਾਵ ਨਾਲ਼ ਅਵਸਥਾ ਹੁੰਦੀ ਹੈ; ਜਿਵੇਂ ਕਿ ਸ਼ਬਦ ਹਨ :

ਰੁਤਿ ਬਰਸੁ ਸੁਹੇਲੀਆ; ਸਾਵਣ ਭਾਦਵੇ ਆਨੰਦ ਜੀਉ ॥ ਅਰਥ : (ਹੇ ਸਹੇਲੀਏ ! ਜਿਵੇਂ) ਵਰਖਾ-ਰੁੱਤ ਬੜੀ ਸੁਖਦਾਈ ਹੁੰਦੀ ਹੈ, ਸਾਵਣ ਭਾਦਰੋਂ ਦੇ ਮਹੀਨਿਆਂ ’ਚ (ਵਰਖਾ ਦੇ ਕਾਰਨ) ਬੜਾ ਅਨੰਦ ਬਣਿਆ ਰਹਿੰਦਾ ਹੈ।

ਘਣ ਉਨਵਿ ਵੁਠੇ; ਜਲ ਥਲ ਪੂਰਿਆ ਮਕਰੰਦ ਜੀਉ ॥ ਅਰਥ : ਬੱਦਲ ਝੁਕ ਝੁਕ ਕੇ ਵਰ੍ਹਦੇ ਹਨ। ਤਲਾਬਾਂ-ਛੱਪੜਾਂ ’ਚ, ਧਰਤੀ ਦੇ ਟੋਇਆਂ ’ਚ ਭਾਵ ਹਰ ਥਾਂ ਸੁਗੰਧੀ-ਭਰਿਆ ਪਾਣੀ ਹੀ ਪਾਣੀ ਭਰਿਆ ਹੁੰਦਾ ਹੈ।

ਪ੍ਰਭੁ ਪੂਰਿ ਰਹਿਆ ਸਰਬ ਠਾਈ; ਹਰਿ ਨਾਮ ਨਵ ਨਿਧਿ ਗ੍ਰਿਹ ਭਰੇ ॥ ਅਰਥ : ਓਵੇਂ ਹੀ ਜਿਨ੍ਹਾਂ ਦੇ ਹਿਰਦੇ-ਘਰ ਪਰਮਾਤਮਾ ਦੇ ਨਾਮ ਦੇ ਨੌ ਖ਼ਜ਼ਾਨਿਆਂ ਨਾਲ ਨਕੋ-ਨੱਕ ਭਰ ਜਾਣ, ਉਨ੍ਹਾਂ ਨੂੰ ਪਰਮਾਤਮਾ ਸਭਨੀਂ ਥਾਈਂ ਵਿਆਪਕ ਜਾਪਦਾ ਹੈ।

ਸਿਮਰਿ ਸੁਆਮੀ ਅੰਤਰਜਾਮੀ; ਕੁਲ ਸਮੂਹਾ ਸਭਿ ਤਰੇ ॥ ਅਰਥ : ਸਭਨਾਂ ਦੇ ਦਿਲ ਦੀ ਜਾਣਨ ਵਾਲੇ ਮਾਲਕ-ਪ੍ਰਭੂ ਦਾ ਨਾਮ ਸਿਮਰ ਕੇ ਉਨ੍ਹਾਂ ਦੀਆਂ ਸਾਰੀਆਂ ਹੀ ਕੁਲਾਂ ਤਰ ਜਾਂਦੀਆਂ ਹਨ।

ਪ੍ਰਿਅ ਰੰਗਿ ਜਾਗੇ ਨਹ ਛਿਦ੍ਰ ਲਾਗੇ; ਕ੍ਰਿਪਾਲੁ ਸਦ ਬਖਸਿੰਦੁ ਜੀਉ ॥ ਬਿਨਵੰਤਿ ਨਾਨਕ ਹਰਿ ਕੰਤੁ ਪਾਇਆ; ਸਦਾ ਮਨਿ ਭਾਵੰਦੁ ਜੀਉ ॥4॥” (ਰਾਮਕਲੀ/ਮਹਲਾ 5 ਰੁਤੀ ਸਲੋਕ/927) ਅਰਥ : ਹੇ ਸਹੇਲੀਏ ! ਜਿਹੜੇ ਵਡਭਾਗੀ ਪਿਆਰੇ, ਪ੍ਰਭੂ ਦੇ ਪ੍ਰੇਮ-ਰੰਗ ’ਚ (ਰੰਗ ਕੇ ਮਾਇਆ ਮੋਹ ਦੇ ਹੱਲਿਆਂ ਵੱਲੋਂ) ਸੁਚੇਤ ਰਹਿੰਦੇ ਹਨ, ਉਹਨਾਂ ਨੂੰ ਵਿਕਾਰਾਂ ਦੇ ਦਾਗ਼ ਨਹੀਂ ਲੱਗਦੇ, ਦਇਆ ਦਾ ਘਰ ਪ੍ਰਭੂ ਸਦਾ ਉਹਨਾਂ ਉੱਤੇ ਪ੍ਰਸੰਨ ਰਹਿੰਦਾ ਹੈ। ਨਾਨਕ ਬੇਨਤੀ ਕਰਦਾ ਹੈ, ਹੇ ਸਹੇਲੀਏ ! ਉਹਨਾਂ ਨੂੰ ਮਨ ਵਿਚ ਸਦਾ ਪਿਆਰਾ ਲੱਗਣ ਵਾਲਾ ਖਸਮ-ਪ੍ਰਭੂ ਮਿਲ ਪੈਂਦਾ ਹੈ।



ਹੁਣ ਗੁਰੂ ਅਰਜਨ ਸਾਹਿਬ ਜੀ ਦੁਆਰਾ ਮਾਝ ਰਾਗ ’ਚ ਉਚਾਰਨ ਕੀਤੇ ਬਾਰਹਮਾਹਾ ਦੇ 6ਵੇਂ ਪਦੇ ਦੀ ਵਿਚਾਰ ਕਰਦੇ ਹਾਂ, ਜੋ ਇਸ ਤਰ੍ਹਾਂ ਹੈ :

ਸਾਵਣਿ ਸਰਸੀ ਕਾਮਣੀ; ਚਰਨ ਕਮਲ ਸਿਉ ਪਿਆਰੁ ॥ ਅਰਥ : ਜਿਵੇਂ ਸਾਵਣ ਵਿਚ (ਵਰਖਾ ਨਾਲ ਬਨਸਪਤੀ ਹਰਿਆਵਲੀ ਹੋ ਜਾਂਦੀ ਹੈ) ਤਿਵੇਂ ਉਹ ਜੀਵ-ਇਸਤ੍ਰੀ ਸਦਾ ਅਨੰਦ ਮਾਣਦੀ ਹੈ, ਜਿਸ ਦਾ ਪਿਆਰ; ਪ੍ਰਭੂ ਦੇ ਸੋਹਣੇ ਚਰਨਾਂ ਨਾਲ ਬਣ ਜਾਂਦਾ ਹੈ।

ਮਨੁ ਤਨੁ ਰਤਾ ਸਚ ਰੰਗਿ; ਇਕੋ ਨਾਮੁ ਅਧਾਰੁ ॥ ਅਰਥ : ਉਸ ਦਾ ਮਨ ਤੇ ਤਨ; ਪਰਮਾਤਮਾ ਦੇ ਪਿਆਰ ’ਚ ਰੰਗਿਆ ਜਾਂਦਾ ਹੈ, ਪਰਮਾਤਮਾ ਦਾ ਨਾਮ ਹੀ (ਉਸ ਦੀ ਜ਼ਿੰਦਗੀ ਦਾ) ਆਸਰਾ ਬਣ ਜਾਂਦਾ ਹੈ।

ਬਿਖਿਆ ਰੰਗ ਕੂੜਾਵਿਆ; ਦਿਸਨਿ ਸਭੇ ਛਾਰੁ ॥ ਅਰਥ : ਮਾਇਆ ਦੇ ਨਾਸਵੰਤ ਕੌਤਕ ਉਸ ਨੂੰ ਸਾਰੇ ਸੁਆਹ (ਨਿਕੰਮੇ) ਜਾਪਦੇ ਹਨ।

ਹਰਿ ਅੰਮ੍ਰਿਤ ਬੂੰਦ ਸੁਹਾਵਣੀ; ਮਿਲਿ ਸਾਧੂ, ਪੀਵਣਹਾਰੁ ॥ ਅਰਥ : (ਸਾਵਣ ’ਚ ਜਿਵੇਂ ਵਰਖਾ ਦੀ ਬੂੰਦ ਪ੍ਰਭਾਵ ਕਰਦੀ ਹੈ; ਤਿਵੇਂ ਪ੍ਰਭੂ-ਚਰਨਾਂ ਦੇ ਪਿਆਰ ਵਾਲੇ ਬੰਦੇ ਨੂੰ) ਹਰੀ ਦੇ ਅੰਮ੍ਰਿਤ ਨਾਮ ਦੀ ਬੂੰਦ ਪਿਆਰੀ ਲੱਗਦੀ ਹੈ, ਗੁਰੂ ਨੂੰ ਮਿਲ ਕੇ ਉਹ, ਇਸ ਬੂੰਦ ਨੂੰ ਚੱਖ ਲੈਂਦਾ ਹੈ। (ਪ੍ਰਭੂ ਦੀ ਮਹਿਮਾ ਵਾਲ਼ੀਆਂ ਸੰਖੇਪ ਗੱਲਾਂ ਭੀ ਉਸ ਨੂੰ ਮਿੱਠੀਆਂ ਲੱਗਦੀਆਂ ਹਨ। ਸਤਿਗੁਰੂ ਨੂੰ ਮਿਲ ਕੇ ਬੜੇ ਸ਼ੌਕ ਨਾਲ ਸੁਣਦਾ ਹੈ)।

ਵਣੁ ਤਿਣੁ ਪ੍ਰਭ ਸੰਗਿ ਮਉਲਿਆ; ਸੰਮ੍ਰਥ ਪੁਰਖ ਅਪਾਰੁ ॥ ਅਰਥ : ਜਿਸ ਪ੍ਰਭੂ ਦੀ ਕਿਰਪਾ ਸਾਰਾ ਜਗਤ (ਬਨਸਪਤੀ ਆਦਿਕ) ਹਰਿਆ-ਭਰਿਆ ਹੋਇਆ ਹੈ, ਜੋ ਪ੍ਰਭੂ ਸਭ ਕੁਝ ਕਰਨ ਜੋਗਾ ਹੈ ਵਿਆਪਕ ਹੈ ਤੇ ਬੇਅੰਤ ਹੈ।

ਹਰਿ ਮਿਲਣੈ ਨੋ ਮਨੁ ਲੋਚਦਾ; ਕਰਮਿ ਮਿਲਾਵਣਹਾਰੁ ॥ ਅਰਥ : ਉਸ ਨੂੰ ਮਿਲਣ ਲਈ ਮੇਰਾ ਮਨ ਤਾਂਘਦਾ ਹੈ, (ਪਰ ਮੇਰੇ ਯਤਨਾਂ ਨਾਲ਼ ਮਿਲ ਨਹੀਂ ਸਕਦਾ ਕਿਉਂਕਿ) ਉਹ ਪ੍ਰਭੂ ਆਪ ਹੀ ਆਪਣੀ ਮਿਹਰ ਨਾਲ ਮਿਲਾਉਣ ਦੇ ਸਮਰੱਥ ਹੈ।

ਜਿਨੀ ਸਖੀਏ ਪ੍ਰਭੁ ਪਾਇਆ; ਹੰਉ, ਤਿਨ ਕੈ ਸਦ ਬਲਿਹਾਰ ॥ ਅਰਥ : ਮੈਂ ਉਹਨਾਂ ਗੁਰਮੁਖ ਸਹੇਲੀਆਂ ਤੋਂ ਸਦਕੇ ਹਾਂ, ਸਦਾ ਕੁਰਬਾਨ ਹਾਂ ਜਿਨ੍ਹਾਂ ਨੇ ਪ੍ਰਭੂ ਦਾ ਮਿਲਾਪ ਹਾਸਲ ਕਰ ਲਿਆ ਹੈ।

ਨਾਨਕ ! ਹਰਿ ਜੀ ਮਇਆ ਕਰਿ; ਸਬਦਿ ਸਵਾਰਣਹਾਰੁ ॥ ਅਰਥ : ਹੇ ਨਾਨਕ ! (ਬੇਨਤੀ ਕਰ ਤੇ ਆਖ ਕਿ) ਹੇ ਪ੍ਰਭੂ ! ਮੇਰੇ ਉੱਤੇ ਮਿਹਰ ਕਰ, ਤੂੰ ਆਪ ਹੀ ਆਪਣੇ ਗੁਣਾਂ ਨਾਲ਼ (ਮੇਰੀ ਜਿੰਦ ਨੂੰ) ਸੰਵਾਰਨਹਾਰ ਹੈਂ।

ਸਾਵਣੁ ਤਿਨਾ ਸੁਹਾਗਣੀ; ਜਿਨ ਰਾਮ ਨਾਮੁ ਉਰਿ ਹਾਰੁ ॥6॥ (ਬਾਰਹਮਾਹਾ ਮਾਂਝ/ਮਹਲਾ 5/134) ਅਰਥ : ਸਾਵਣ ਦਾ ਮਹੀਨਾ ਉਹਨਾਂ ਭਾਗਾਂ ਵਾਲੀਆਂ (ਜੀਵ-ਇਸਤ੍ਰੀਆਂ) ਵਾਸਤੇ (ਖੇੜਾ ਤੇ ਠੰਡ ਲਿਆਉਣ ਵਾਲਾ) ਹੈ, ਜਿਨ੍ਹਾਂ ਨੇ ਆਪਣੇ ਹਿਰਦੇ (ਭਾਵ ਗਲ਼) ’ਚ ਪਰਮਾਤਮਾ ਦਾ ਨਾਮ ਰੂਪ ਹਾਰ ਪਾਇਆ ਹੋਇਆ ਹੈ।

ਹੁਣ ਗੁਰੂ ਨਾਨਕ ਸਾਹਿਬ ਜੀ ਦੁਆਰਾ ਤੁਖਾਰੀ ਰਾਗ ਵਿੱਚ ਰਚੇ ਬਾਰਹਮਾਹਾ ਦੇ 9ਵੇਂ ਪਦੇ (ਸਾਵਣ ਮਹੀਨੇ) ’ਚ ਦਿੱਤੇ ਸੁਨੇਹੇ ਦੀ ਵਿਚਾਰ ਕਰਦੇ ਹਾਂ :

ਸਾਵਣਿ, ਸਰਸ ਮਨਾ; ਘਣ ਵਰਸਹਿ ਰੁਤਿ ਆਏ ॥ ਅਰਥ : (ਹਾੜ ਦੀ ਅੱਤ ਤਪਸ਼ ਵਿਚ ਘਾਹ ਆਦਿਕ ਸੁੱਕ ਜਾਂਦੇ ਹਨ, ਜਿਸ ਪਿੱਛੋਂ) ਸਾਵਨ ਮਹੀਨੇ ’ਚ ਘਟਾਂ ਛਾ ਜਾਂਦੀਆਂ ਹਨ। ਪਸ਼ੂ, ਪੰਛੀ, ਮਨੁੱਖ ਤਾਂ ਕਿਤੇ ਰਹੇ, ਸੁੱਕਾ ਹੋਇਆ ਘਾਹ ਭੀ ਹਰਾ ਹੋ ਜਾਂਦਾ ਹੈ। ਇਹ ਹਰਿਆਵਲ ਵੇਖ ਹਰੇਕ ਪ੍ਰਾਣੀ ਬੋਲਦਾ ਹੈ) ਹੇ ਮੇਰੇ ਮਨ ! ਸਾਵਣ ਮਹੀਨੇ ’ਚ (ਵਰਖਾ ਦੀ) ਰੁੱਤ ਆ ਗਈ ਹੈ, ਬੱਦਲ ਵਰ੍ਹ ਰਹੇ ਹਨ, ਹੁਣ ਤੂੰ ਭੀ ਹਰਾ ਹੋ ਜਾਹ (ਤੂੰ ਭੀ ਖਿੜ ਜਾਹ)।

ਮੈ ਮਨਿ ਤਨਿ ਸਹੁ ਭਾਵੈ; ਪਿਰ ਪਰਦੇਸਿ ਸਿਧਾਏ ॥ ਅਰਥ : (ਕਾਲੀਆਂ ਘਟਾਂ ਨੂੰ ਵੇਖ ਪਰਦੇਸ ਗਏ ਪਤੀ ਦੀ ਨਾਰ ਦਾ ਹਿਰਦਾ ਤੜਪ ਉੱਠਦਾ ਹੈ ਤੇ ਉਹ ਕੁਰਲਾਉਂਦੀ ਹੋਈ ਆਖਦੀ ਹੈ ਕਿ) ਮੈਨੂੰ ਆਪਣਾ ਪਤੀ ਅਤਿ ਪਿਆਰਾ ਲੱਗ ਰਿਹਾ ਹੈ ਭਾਵੇਂ ਉਹ ਪਰਦੇਸ ’ਚ ਹਨ।

ਪਿਰੁ ਘਰਿ ਨਹੀ ਆਵੈ, ਮਰੀਐ ਹਾਵੈ; ਦਾਮਨਿ ਚਮਕਿ ਡਰਾਏ ॥ ਸੇਜ ਇਕੇਲੀ, ਖਰੀ ਦੁਹੇਲੀ; ਮਰਣੁ ਭਇਆ ਦੁਖੁ ਮਾਏ ॥ ਅਰਥ : ਹੇ ਮਾਂ ! (ਜਦ ਤੱਕ) ਪਤੀ ਘਰ ’ਚ ਨਹੀਂ ਆਉਂਦਾ, ਮੈਂ ਹਾਹੁਕੇ ਭਰ ਰੌਂਦੀ ਹਾਂ, ਬਿਜਲੀ ਚਮਕ ਕੇ ਡਰਾ ਰਹੀ ਹੈ। (ਪਤੀ ਦੇ ਵਿਛੋੜੇ ਕਾਰਨ) ਮੇਰੀ ਸੱਖਣੀ ਸੇਜ ਦੁਖਦਾਈ ਬਣ ਗਈ ਹੈ। ਦੁੱਖ; ਮੌਤ ਸਮਾਨ ਜਾਪਦਾ ਹੈ।

ਹਰਿ ਬਿਨੁ, ਨੀਦ ਭੂਖ ਕਹੁ ਕੈਸੀ; ਕਾਪੜੁ ਤਨਿ ਨ ਸੁਖਾਵਏ ॥ ਅਰਥ : (ਜਿਸ ਤਰ੍ਹਾਂ ਪਤੀ ਤੋਂ ਵਿਛੁੜੀ ਦੁਨਿਆਵੀ ਪਤਨੀ ਦੁੱਖੀ ਰਹਿੰਦੀ ਹੈ; ਉਸੇ ਤਰ੍ਹਾਂ ਪ੍ਰਭੂ-ਪਤੀ ਤੋਂ ਵਿਛੁੜੀ ਜੀਵ-ਇਸਤ੍ਰੀ ਨੂੰ) ਪ੍ਰਭੂ ਦੇ ਮਿਲਾਪ ਤੋਂ ਬਿਨਾਂ ਨਾਹ ਨੀਂਦ, ਨਾਹ ਭੁੱਖ ਲੱਗਦੀ ਹੈ। ਕੱਪੜਾ ਭੀ ਸਰੀਰ ਉੱਤੇ ਨਹੀਂ ਸੁਖਾਂਦਾ।

ਨਾਨਕ ! ਸਾ ਸੋਹਾਗਣਿ ਕੰਤੀ; ਪਿਰ ਕੈ ਅੰਕਿ ਸਮਾਵਏ ॥9॥ (ਤੁਖਾਰੀ ਬਾਰਹਮਾਹਾ/ ਮਹਲਾ 1/1108) ਅਰਥ : ਪਰ ਹੇ ਨਾਨਕ ! ਉਹੀ ਭਾਗਾਂ ਵਾਲੀ ਜੀਵ-ਇਸਤ੍ਰੀ ਪ੍ਰਭੂ-ਪਤੀ ਦੇ ਪਿਆਰ ਦੀ ਹੱਕਦਾਰ ਹੈ, ਜੋ ਸਦਾ ਪ੍ਰਭੂ ਦੀ ਯਾਦ ’ਚ ਲੀਨ ਰਹਿੰਦੀ ਹੈ ਭਾਵ ਜੋ ਪਤੀ-ਪ੍ਰਮੇਸ਼ਰ ਨੂੰ ਯਾਦ ਨਹੀਂ ਕਰਦੀ ਉਸ ਅੰਦਰ ਸਾਵਣ ਦਾ ਮਹੀਨਾ ਵੀ ਤੜਫ ਪੈਦਾ ਨਹੀਂ ਕਰ ਸਕਦਾ।

ਉਕਤ ਕੀਤੀ ਬਾਰਹਮਾਹਾ ਦੀ ਵਿਚਾਰ ਤੋਂ ਇਲਾਵਾ ਗੁਰਬਾਣੀ ’ਚ ਹੋਰ ਥਾਂਵਾਂ ’ਤੇ ਭੀ ਸਾਵਣ ਮਹੀਨੇ ਦਾ ਜ਼ਿਕਰ ਹੈ; ਜਿਵੇਂ ਕਿ

ਨਾਨਕ ! ਸਾਵਣਿ, ਜੇ ਵਸੈ; ਚਹੁ ਓਮਾਹਾ ਹੋਇ ॥ ਨਾਗਾਂ ਮਿਰਗਾਂ ਮਛੀਆਂ ਰਸੀਆਂ ਘਰਿ ਧਨੁ ਹੋਇ ॥1॥ (ਮਹਲਾ 1/1279) ਅਰਥ : ਹੇ ਨਾਨਕ ! ਜੇ ਸਾਵਣ ਦੇ ਮਹੀਨੇ ਮੀਂਹ ਪੈ ਜਾਏ ਤਾਂ ਚਾਰ ਧਿਰਾਂ ‘ਸੱਪਾਂ, ਹਿਰਨਾਂ, ਮੱਛੀਆਂ ਤੇ ਰਸਾਂ ਦੇ ਆਸ਼ਕਾਂ (ਯਾਨੀ ਐਸ਼ਪ੍ਰਸਤ ਧਨਾਢਾਂ, ਜਿਨ੍ਹਾਂ ਦੇ) ਘਰ ’ਚ ਧਨ ਹੁੰਦਾ ਹੈ’; ਅੰਦਰ ਚਾਉ ਉਪਜਦਾ ਹੈ।

ਨਾਨਕ ! ਸਾਵਣਿ, ਜੇ ਵਸੈ; ਚਹੁ ਵੇਛੋੜਾ ਹੋਇ ॥ ਗਾਈ ਪੁਤਾ ਨਿਰਧਨਾ; ਪੰਥੀ ਚਾਕਰੁ ਹੋਇ ॥2॥ (ਮਹਲਾ 1/1279) ਅਰਥ : ਹੇ ਨਾਨਕ ! ਜੇ ਸਾਵਣ ਮਹੀਨੇ ’ਚ ਮੀਂਹ ਪੈ ਜਾਏ ਤਾਂ ਚਾਰ ਧਿਰਾਂ ਅੰਦਰ ਚਾਉ ਨਹੀਂ ਉਪਜਦਾ। ਉਹ ਹਨ ਗਾਈਆਂ ਦੇ ਵੱਛੜੇ (ਕਿਉਂਕਿ ਮੀਂਹ ਪਿਆਂ ਗਾਈਆਂ ਨੂੰ ਚਾਰਨ ਲਈ ਲੈ ਜਾਂਦੇ ਹਨ ਤੇ ਉਨ੍ਹਾਂ ਨੂੰ ਘਰ ਛੱਡ ਦਿੱਤਾ ਜਾਂਦਾ ਹੈ), ਗਰੀਬਾਂ (ਕਿਉਂਕਿ ਦਿਹਾੜੀ ਨਹੀਂ ਮਿਲਦੀ), ਰਾਹੀ ਤੇ ਨੌਕਰ (ਕਿਉਂਕਿ ਇਨ੍ਹਾਂ ਦਾ ਕੰਮ ਵਧ ਜਾਂਦਾ ਹੈ)। ਇਉਂ ਹੀ ਗੁਰੂ ਦੇ ਦਰ ਤੋਂ ਨਾਮ-ਵਰਖਾ ਹੋਣ ’ਤੇ ਗੁਰਮੁਖਾਂ ਅੰਦਰ ਖਿੜਾਅ ਉਪਜਦਾ ਹੈ, ਪਰ ਮਨਮੁਖ ਇਸ ਤੋਂ ਬਾਂਝੇ ਰਹਿ ਜਾਂਦੇ ਹਨ।

ਮੋਰੀ ਰੁਣ ਝੁਣ ਲਾਇਆ; ਭੈਣੇ ! ਸਾਵਣੁ ਆਇਆ ॥ (ਮਹਲਾ 1/558) ਅਰਥ : ਹੇ ਭੈਣ ! ਸਾਵਨ (ਦਾ ਮਹੀਨਾ) ਆ ਗਿਆ ਹੈ (ਵਰਖਾ ਰੁੱਤ ਦਾ ਮੀਂਹ ਪੈਣ ਕਾਰਨ) ਮੋਰਾਂ ਨੇ ਖ਼ੁਸ਼ੀ ਦੇ ਮਿੱਠੇ ਗੀਤ ਗਾਉਣੇ ਸ਼ੁਰੂ ਕਰ ਦਿੱਤੇ ਹਨ।

ਸਾਵਣੁ ਆਇਆ ਹੇ ਸਖੀ ! ਜਲਹਰੁ ਬਰਸਨਹਾਰੁ ॥ ਨਾਨਕ ! ਸੁਖਿ ਸਵਨੁ ਸੋਹਾਗਣੀ; ਜਿਨ੍, ਸਹ ਨਾਲਿ ਪਿਆਰੁ ॥2॥ (ਮਹਲਾ 2/1280) ਹੇ ਸਖੀ ! ਸਾਵਣ ਮਹੀਨਾ ਆ ਗਿਆ ਤੇ ਬੱਦਲ ਵਰ੍ਹਾਊ ਹੋ ਗਿਆ ਹੈ। (ਇਸ ਸੁਹਾਵਣੇ ਸਮੇਂ) ਜਿਨ੍ਹਾਂ (ਜੀਵ-ਇਸਤ੍ਰੀਆਂ ਦਾ) ਖਸਮ (ਪ੍ਰਭੂ) ਨਾਲ ਪਿਆਰ ਪੈ ਗਿਆ, ਉਹ ਭਾਗਾਂ ਵਾਲੀਆਂ ਬੇਫ਼ਿਕਰ ਹੋ ਕੇ ਸੌਂਦੀਆਂ ਹਨ।

ਭਗਤ ਨਾਮਦੇਵ ਜੀ ਦੇ ਬਚਨ ਹਨ ਕਿ ਜਿਸ ਅੰਦਰ ਪਤੀ-ਪਰਮੇਸ਼ਰ ਨਾਲ਼ ਪ੍ਰੀਤ ਪੈਦਾ ਹੋ ਗਈ, ਉਹ ਕੇਵਲ ਸਾਵਣ ਮਹੀਨੇ ਦੇ ਅਨੰਦ ਤੱਕ ਸੀਮਤ ਨਹੀਂ ਰਹਿੰਦਾ ਭਾਵ ਉਸ ਲਈ ਸਦਾ ਨਾਮ-ਅੰਮ੍ਰਿਤ ਦੀ ਵਰਖਾ ਹੋਣ ਲੱਗਦੀ ਹੈ “ਅਣਮੜਿਆ ਮੰਦਲੁ (ਢੋਲ) ਬਾਜੈ ॥ ਬਿਨੁ ਸਾਵਣ, ਘਨਹਰੁ (ਬੱਦਲ) ਗਾਜੈ ॥ ਬਾਦਲ ਬਿਨੁ, ਬਰਖਾ ਹੋਈ ॥ ਜਉ, ਤਤੁ ਬਿਚਾਰੈ ਕੋਈ ॥1॥” (ਭਗਤ ਨਾਮਦੇਵ ਜੀ/657), ਐਸੀ ਨਿਰੰਤਰ ਵਰਖਾ ਦਾ ਅਨੰਦ ਮਾਨਣ ਲਈ ਆਪਣੇ ਪਿਆਰੇ ਰਾਮ ਨਾਲ਼ ਇੱਕ-ਮਿੱਕ ਹੋਣਾ ਪੈਣਾ ਹੈ; ਜਿਵੇਂ ਕਿ ਭਗਤ ਨਾਮਦੇਵ ਜੀ ਦੇ ਬਚਨ ਹਨ “ਮੋ ਕਉ ਮਿਲਿਓ ਰਾਮੁ ਸਨੇਹੀ ॥ ਜਿਹ ਮਿਲਿਐ, ਦੇਹ ਸੁਦੇਹੀ ॥1॥ ਰਹਾਉ ॥” ਭਾਵ ਮੈਨੂੰ ਪਿਆਰਾ ਰਾਮ ਮਿਲ ਪਿਆ। ਜਿਸ ਦੇ ਮਿਲਣ ਨਾਲ਼ ਮੇਰੀ ਦੇਹ ਸੁੰਦਰ ਬਣ ਗਈ। ਜੀਵਨ ਸਫਲ ਹੋ ਗਿਆ।

ਸਾਵਣ ਮਹੀਨੇ ਦੀਆਂ ਕੁੱਝ ਇਤਿਹਾਸਕ ਘਟਨਾਵਾਂ ਨੂੰ ਵੀ ਜਾਣਨਾ ਜ਼ਰੂਰੀ ਹੈ; ਜਿਵੇਂ ਕਿ ਭਾਈ ਤਾਰੂ ਸਿੰਘ ਜੀ ਨੂੰ ਸੰਘਰਸ਼ ਕਰ ਰਹੇ ਸਿੰਘਾਂ ਦੀ ਮਦਦ ਕਰਨ ਬਦਲੇ 1 ਸਾਵਣ ਬਿਕ੍ਰਮੀ ਸੰਮਤ 1802 ਨੂੰ ਖੋਪਰੀ ਉਤਾਰ ਕੇ ਸ਼ਹੀਦ ਕਰ ਦਿੱਤਾ ਸੀ। ਉਹ, ਸਿੱਖੀ ਕੇਸਾਂ ਸੰਗ ਨਿਭਾਉਣ ਦਾ ਆਪਣਾ ਪ੍ਰਣ ਪੂਰਾ ਕਰ ਗਏ ਸਨ।

ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ 18 ਹਾੜ ਬਿਕ੍ਰਮੀ ਸੰਮਤ 1663 ਨੂੰ ਇੱਕ ਥੜ੍ਹੇ (ਜਿਸ ਨੂੰ ਹੁਣ ਅਕਾਲ ਤਖ਼ਤ ਸਾਹਿਬ ਕਿਹਾ ਜਾਂਦਾ ਹੈ) ਦੀ ਉਸਾਰੀ ਕੀਤੀ। ਇਸ ਤੋਂ 19 ਦਿਨ ਬਾਅਦ ਇਸੇ ਸਥਾਨ ’ਤੇ ਬੈਠ ਕੇ 6 ਸਾਵਣ ਸੰਮਤ 1663 ਨੂੰ ਆਪ ਨੇ ਮੀਰੀ-ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕੀਤੀਆਂ। ਇਹ ਦਿਹਾੜਾ; ਹਰ ਸਾਲ ਮੀਰੀ-ਪੀਰੀ ਦਿਵਸ ਵਜੋਂ 6 ਸਾਵਣ ਨੂੰ ਮਨਾਇਆ ਜਾਂਦਾ ਹੈ। ਗੁਰੂ ਹਰਿਰਾਇ ਸਾਹਿਬ ਜੀ ਦੇ ਗ੍ਰਿਹ ਮਾਤਾ ਕ੍ਰਿਸ਼ਨ ਕੌਰ ਜੀ ਦੀ ਕੁੱਖੋਂ 8 ਸਾਵਣ ਬਿਕ੍ਰਮੀ ਸੰਮਤ 1713 ਨੂੰ ਸ਼ੀਸ਼ ਮਹਿਲ ਕੀਰਤਪੁਰ ਸਾਹਿਬ ਵਿਖੇ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦਾ ਜਨਮ ਹੋਇਆ। ਅੰਮ੍ਰਿਤਸਰ ਤੋਂ 13 ਕਿਲੋਮੀਟਰ ਦੂਰ ਪਿੰਡ ਘੁੱਕੇਵਾਲ਼ੀ ਵਿਖੇ ਗੁਰਦੁਆਰਾ ਸਾਹਿਬ ਦੇ ਬਾਗ਼ ’ਚੋਂ ਗੁਰੂ ਕੇ ਲੰਗਰ ਲਈ ਲੱਕੜਾਂ ਕੱਟਣ ਗਏ ਪੰਜ ਸਿੰਘਾਂ ਵਿਰੁੱਧ ਮਹੰਤ ਨੇ ਪੁਲਿਸ ਕੋਲ ਰਿਪੋਰਟ ਦਰਜ ਕਰਵਾਈ, ਜਿਸ ਕਾਰਨ ਪੰਜੇ ਸਿੰਘਾਂ ਨੂੰ 6-6 ਮਹੀਨੇ ਦੀ ਕੈਦ ਅਤੇ 50-50 ਰੁਪਏ ਜਰਮਾਨਾ ਲਾਇਆ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਸ ਬਾਗ਼ ਉੱਤੇ ਆਪਣਾ ਹੱਕ ਜਤਾਉਣ ਲਈ ਅਤੇ ਸਰਕਾਰੀ ਧੱਕੇਸ਼ਾਹੀ ਵਿਰੁੱਧ ਮੋਰਚਾ ਲਾਇਆ, ਜੋ 24 ਸਾਵਣ ਬਿਕ੍ਰਮੀ ਸੰਮਤ 1978 (8 ਅਗਸਤ 1921 ਈ:) ਤੋਂ ਲੈ ਕੇ 22 ਕੱਤਕ ਬਿਕ੍ਰਮੀ ਸੰਮਤ 1979 (7 ਨਵੰਬਰ 1922) ਤੱਕ ਚੱਲਿਆ ਤੇ ਅੰਗਰੇਜ਼ ਸਰਕਾਰ ਨੇ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਦੇ ਸਪੁਰਦ ਕਰ ਦਿੱਤਾ। ਇਹ ਦਿਹਾੜਾ; ਹਰ ਸਾਲ 24 ਸਾਵਣ ਨੂੰ ਗੁਰੂ ਕੇ ਬਾਗ ਮੋਰਚੇ ਦੀ ਯਾਦ ’ਚ ਮਨਾਇਆ ਜਾਂਦਾ ਹੈ। ••

ਆਵਾਜ਼ਿ ਕੌਮ
AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243







ਵੱਲੋਂ

ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ

ਮੁਖੀ ਦਮਦਮੀ ਟਕਸਾਲ, ਜਥਾ ਭਿੰਡਰਾਂ, ਮਹਿਤਾ

ਅਤੇ ਪ੍ਰਧਾਨ ਸੰਤ ਸਮਾਜ




ਵੱਲੋਂ :

# ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ

## ਸਾਬਕਾ ਜਥੇਦਾਰ
## ਸ੍ਰੀ ਅਕਾਲ ਤਖ਼ਤ ਸਾਹਿਬ

ਸੰਪਰਕ : 98140-13915, 98140-29018






--★ ਵੱਲੋਂ ★--

# ਜਥੇਦਾਰ ਬਲਜੀਤ ਸਿੰਘ ਜੀ ਦਾਦੂਵਾਲ

**ਚੇਅਰਮੈਨ, ਧਰਮ ਪ੍ਰਚਾਰ**
**ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ**

ਚੇਅਰਮੈਨ, ਸੁੱਖ ਸਿਮਰਨ ਸੇਵਾ ਟਰੱਸਟ (ਰਜਿ.)
ਪੰਥਕ ਸੇਵਾ ਲਹਿਰ ਦਾਦੂ ਸਾਹਿਬ ਜਥੇਬੰਦੀ
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ








--✶ ਵੱਲੋਂ ✶--

## ਭਾਈ ਰਘਵੀਰ ਸਿੰਘ ਵਾਲਸਾਲ

## ਐਡੀਟਰ-ਇਨ-ਚੀਫ਼

ਆਵਾਜ਼ਿ-ਕੌਮ ਅੰਤਰ-ਰਾਸ਼ਟਰੀ ਅਖ਼ਬਾਰ ਤੇ ਵੈਬ ਚੈਨਲ

ਪ੍ਰਧਾਨ,

ਇੰਟਰਨੈਸ਼ਨਲ ਪੰਥਕ ਦਲ, ਯੂ. ਕੇ.




--✶ ਵੱਲੋਂ ✶--

# ਭਾਈ ਕਪਤਾਨ ਸਿੰਘ
# ( ਇੰਗਲੈਂਡ )

ਜਨਰਲ ਸਕੱਤਰ ਅਤੇ ਮੁੱਖ ਬੁਲਾਰਾ
ਇੰਟਰਨੈਸ਼ਨਲ ਪੰਥਕ ਦਲ, ਯੂ. ਕੇ.




ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥
ਆਵਾਜ਼ਿ ਕੌਮ
AWAZE QAUM
International Newspaper & WEB TV
ਸਿਦਕੀ ਸਿੱਖ
www.damdamitaksal.net
ਧੰਨ ਭਾਈ ਤਾਰੂ ਸਿੰਘ ਜੀ ਦੇ
ਸ਼ਹੀਦੀ ਦਿਹਾੜੇ ਤੇ ਪ੍ਰਣਾਮ
Dhan Bhai Taru Singh Ji de
Shaheedi Dihare Te Parnam
www.damdamitaksal.net

## 1 ਸਾਵਣ 16 ਜੁਲਾਈ ਨੂੰ ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼

# ਸ਼ਹੀਦ ਭਾਈ ਤਾਰੂ ਸਿੰਘ ਜੀ

**ਭਾਈ ਤਾਰੂ ਸਿੰਘ ਜੀ** ਨੇ ਸੰਸਾਰ ਭਰ ਵਿੱਚ ਸ਼ਹੀਦੀ ਦੀ ਇੱਕ ਵੱਖਰੀ ਤੇ ਅਨੋਖੀ ਮਿਸਾਲ ਕਾਇਮ ਕਰਦਿਆਂ ਸਿੱਖੀ ਦਾ ਜੋ ਪਰਚਮ ਲਹਿਰਾਇਆ, ਉਹ ਸਦਾ-ਸਦਾ ਲਈ ਰਹਿੰਦੀ ਦੁਨੀਆਂ ਤੱਕ ਜੱਗ ਤੇ ਝੂਲਦਾ ਰਹੇਗਾ ਤੇ ਭਾਈ ਸਾਹਬ ਦੀ ਕੁਰਬਾਨੀ ਦੀ ਯਾਦ ਦਿਵਾਉਂਦਾ ਰਹੇਗਾ।ਜ਼ਾਲਮ ਹੁਕਮਰਾਨ ਕਈ ਸਦੀਆਂ ਭੋਲੀ-ਭਾਲੀ ਜਨਤਾ ਨੂੰ

ਆਵਾਜ਼ਿ ਕੌਮ AWAZE QAUM
International Newspaper & WEB TV

ਲੁੱਟਦੇ, ਕੁੱਟਦੇ ਤੇ ਡੰਡੇ ਦੇ ਜ਼ੋਰ ਨਾਲ ਰਾਜ ਕਰਦੇ ਰਹੇ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੌਂਸਲੇ ਅਤੇ ਨਿੱਡਰਤਾ ਨੇ ਦੱਬੇ ਕੁਚਲੇ ਲੋਕਾਂ ਨੂੰ ਅਹਿਸਾਸ ਕਰਵਾ ਕੇ ਉਹਨਾਂ ਵਿੱਚ ਨਵੀਂ ਰੂਹ ਫੂਕੀ। ਫਿਰ ਦੱਸਵੀਂ ਜੋਤ ਦੇ ਰੂਪ ਵਿੱਚ ਸੰਨ 1699 ਈ: ਨੂੰ ਵਿਸਾਖੀ ਵਾਲੇ ਦਿਨ ਖਾਲਸਾ ਸਾਜ ਕੇ ਖਾਲਸਾ ਫੌਜ ਸਥਾਪਿਤ ਕੀਤੀ। ਅੰਮ੍ਰਿਤ ਦੀ ਪਵਿੱਤਰ ਦਾਤ ਦੀ ਬਖਸ਼ਿਸ਼ ਕਰਕੇ ਖਾਲਸੇ ਨੂੰ ਜ਼ਾਲਮ ਤੇ ਜ਼ੁਲਮ ਦੇ ਵਿਰੁੱਧ ਟਕਰਾ ਕੇ ਸਵੈਮਾਣ ਤੇ ਅਣਖ ਦੇ ਰੰਗ ਵਿੱਚ ਐਸਾ ਰੰਗਿਆ ਕਿ ਜਿੰਨ੍ਹਾਂ ਨੇ ਆਪਣੇ ਫਰਜ਼ ਲਈ ਹਰ ਕੱਸ਼ਟ ਹੱਸ ਕੇ ਸਹਿ ਲਿਆ। ਆਪਣੇ ਫਰਜ਼ ਲਈ ਚਾਹੇ ਚਰੱਖੜੀਆਂ ਤੇ ਚੜਨਾ ਪਿਆ, ਬੰਦ-ਬੰਦ ਕਟਵਾਉਣੇ ਪਏ, ਪੁੱਠੀਆਂ ਖੱਲਾਂ ਲਵਾਉਣੀਆਂ ਪਈਆਂ, ਆਰਿਆ ਨਾਲ ਚੀਰੇ ਗਏ, ਕੀਮਾਂ-ਕੀਮਾਂ ਕੀਤੇ ਗਏ, ਨੇਜ਼ਿਆਂ ਤੇ ਟੰਗੇ ਗਏ, ਦੇਗਾਂ ਵਿੱਚ ਪਾ ਕੇ ਉਬਾਲੇ ਗਏ ਜਾਂ ਰੰਬੀ ਨਾਲ ਖੋਪਰੀਆਂ ਉਤਰਵਾਉਣੀਆਂ ਪਈਆਂ, ਪਰ ਸੀ ਤੱਕ ਨਾ ਉਚਾਰੀ। ਸਿੱਖੀ ਸਿੱਦਕ ਤੋੜ ਤੱਕ ਨਿਭਿਆ।

ਐਸੇ ਸਿੱਖ ਕੌਮ ਦੇ ਅਨਮੋਲ ਹੀਰਿਆਂ ਵਿੱਚ ਇੱਕ ਹੀਰਾ ਭਾਈ ਤਾਰੂ ਸਿੰਘ ਜੀ ਸਨ। ਭਾਈ ਤਾਰੂ ਸਿੰਘ ਪਿੰਡ ਪੂਹਲਾ ਦਾ ਰਹਿਣ ਵਾਲਾ ਗੁਰਸਿੱਖ ਸੀ। ਇਤਿਹਾਸ ਵਿੱਚ ਆਉਂਦਾ ਹੈ ਕਿ ਭਾਈ ਤਾਰੂ ਸਿੰਘ ਜੀ ਛੋਟੇ ਜਿਹੇ ਕਿਸਾਨ ਸਨ। ਇੰਨ੍ਹਾਂ ਦੇ ਪਿਤਾ ਵੀ ਗੁਰੂ ਘਰ ਦੇ ਪ੍ਰੇਮੀ ਸਨ। ਉਹ ਮੁਕਤਸਰ ਸਾਹਬ ਦੀ ਲੜਾਈ ਵਿੱਚ ਸੂਬਾ ਸਰਹੰਦ ਦੀ ਫੌਜ ਨਾਲ ਲੜਦੇ ਸ਼ਹੀਦੀ ਜਾਮ ਪੀ ਗਏ ਸਨ। ਘਰ ਵਿੱਚ ਮਾਤਾ ਤੇ ਇੱਕ ਭੈਣ ਸੀ ਜੋ ਵਿਆਹੀ ਹੋਈ ਸੀ, ਪਰ ਉਸਦਾ ਪਤੀ ਗੁਜ਼ਰ ਚੁੱਕਾ ਸੀ ਤੇ ਉਹ ਵੀ ਆਪਣੇ ਭਰਾ ਤੇ ਮਾਂ ਕੋਲ ਹੀ ਰਹਿੰਦੀ ਸੀ। ਭਾਈ ਸਾਹਬ ਸ਼ਾਤ ਸੁਭਾਅ ਦੇ ਮਾਲਕ ਸਨ। ਸਦਾ ਉਸ ਪਰਮਾਤਮਾ ਦੀ ਬੰਦਗੀ ਹੀ ਉਹਨਾਂ ਦਾ ਧਰਮ ਕਰਮ ਸੀ। ਖੇਤਾਂ ਵਿੱਚ ਜੋ ਵਾਹੁੰਦੇ ਬੀਜਦੇ ਸਨ। ਉਹ ਸਰਬੱਤ ਦੇ ਭਲੇ ਲਈ ਲੰਗਰ ਲਾ ਛੱਡਣੇ, ਇਸ ਗੁਰਸਿੱਖ ਦਾ ਨਿੱਤ ਦਾ ਕਰਮ ਸੀ। ਭਾਈ ਰਤਨ ਸਿੰਘ ਭੰਗੂ ਲਿੱਖਦੇ ਹਨ ਕਿ:

**ਸਾਖੀ ਤਾਰੂ ਸਿੰਘ ਕੀ ਸੁਨੋਂ ਸਿੰਘ ਮਨ ਲਾਇ।**  
**ਜੋ ਖਾਨ ਬਹਾਦਰ ਲੈ ਤੁਰਯੋ, ਖੋਪਰੀ ਸਿਰੋਂ ਉਤਰਾਇ।**  
**ਸੋ ਮਾਝੈ ਮੈਂ ਬਸਤ ਥੋ, ਭਲੇ ਸੁ ਪੂਲੈ ਗਾਮ।**  
**ਹਠੀ ਤਪੀ ਸਾਚੋ ਸਤੀ, ਨਿਹੰਗ ਤਾਰੂ ਸਿੰਘ ਨਾਮ।**


ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਸਿੱਖਾਂ ਤੇ ਮਾੜੇ ਦਿਨਾਂ ਦਾ ਬੋਲ-ਬਾਲਾ ਸੀ। ਉਸ ਸਮੇਂ ਹਕੂਮਤ ਨੇ ਸਿੱਖਾਂ ਦੇ ਨੱਕ ਵਿੱਚ ਦਮ ਕਰ ਰੱਖਿਆ ਹੋਇਆ ਸੀ। ਸਿੱਖ ਜੰਗਲਾਂ ਵਿੱਚ ਜਾ ਛੁਪੇ ਸਨ। ਭਾਈ ਸਾਹਬ ਜੋ ਕੁੱਝ ਕਮਾਉਂਦੇ ਸਨ। ਸਿੱਖਾਂ ਨੂੰ ਜੰਗਲਾਂ ਬੇਲਿਆਂ ਵਿੱਚ ਜਾ ਕੇ ਲੰਗਰ ਪਾਣੀ ਛਕਾ ਆਉਂਦੇ ਸਨ। ਪਿੰਡ ਪੂਹਲੇ ਦੇ ਲਾਗੇ ਹੀ ਇੱਕ ਰੱਖ ਵਿੱਚ ਕਦੇ ਕਦਾਈ ਕੁੱਝ ਸਿੰਘ ਆ ਕੇ ਠਹਿਰ ਜਾਂਦੇ ਸਨ, ਜੋ ਹਕੂਮਤ ਨਾਲ ਗਾਹੇ-ਬਗਾਹੇ ਟੱਕਰ ਲੈ ਲੈਂਦੇ ਸਨ। ਭਾਈ ਸਾਹਬ ਲੰਗਰ ਤਿਆਰ ਕਰਕੇ ਉਸ ਰੱਖ ਵਿੱਚ ਰਾਤ ਨੂੰ ਉਹਨਾਂ ਸਿੱਖਾਂ ਨੂੰ ਛਕਾ ਆਉਂਦੇ ਤੇ ਨਾਲੇ ਹੋਰ ਵੀ ਕਈ ਪ੍ਰਕਾਰ ਦੀ ਮਦਦ (ਸੂਹ ਵਗੈਰਾ) ਦੇ ਆਉਂਦੇ ਸਨ। ਜਦ ਇਸ ਸਾਰੀ ਗੱਲ ਦਾ ਪਤਾ ਜ਼ਾਲਮ ਹਕੂਮਤ ਦੇ ਮੁਖਬਿਰ ਜੰਡਿਆਲਾ ਨਿਵਾਸੀ ਹਰਭਗਤ ਨਿਰੰਜਨੀਏ ਨੂੰ ਲੱਗਾ ਤਾਂ ਉਸ ਨੇ ਝੱਟ ਜਾ ਕੇ ਸੂਬੇਦਾਰ ਜਕਰੀਆਂ ਖਾਂ ਨੂੰ ਇਤਲਾਹ ਦਿੱਤੀ ਕਿ ਇੱਕ ਸਿੱਖ ਜਿਸਦਾ ਨਾਂ ਭਾਈ ਤਾਰੂ ਸਿੰਘ ਹੈ ਤੇ ਉਹ ਪਿੰਡ ਪੂਹਲਿਆਂ ਦਾ ਰਹਿਣ ਵਾਲਾ ਹੈ, ਹਕੂਮਤ ਦੇ ਵਿਰੋਧੀਆਂ ਨੂੰ ਆਪਣੇ ਘਰ ਵਿੱਚ ਪਨਾਹ ਦਿੰਦਾ ਹੈ ਤੇ ਲੰਗਰ ਪਾਣੀ ਵੀ ਛਕਾਉਂਦਾ ਹੈ। ਆਪ ਵੀ ਉਹਨਾਂ ਨਾਲ ਰਲ ਕੇ ਰਾਤ ਨੂੰ ਲੁੱਟਾਂ- ਖੋਹਾਂ ਕਰਦਾ ਤੇ ਸੰਨ੍ਹਾਂ ਲਾਉਂਦਾ ਹੈ। ਜਕਰੀਆਂ ਖਾਂ ਦੇ ਹੁਕਮ ਮੁਤਾਬਿਕ ਭਾਈ ਤਾਰੂ ਸਿੰਘ ਨੂੰ ਫੜ ਕੇ ਲਾਹੌਰ ਲਿਆਂਦਾ ਗਿਆ। ਭਾਈ ਤਾਰੂ ਸਿੰਘ ਨੂੰ ਜਕਰੀਆ ਖਾਂ ਦੀ ਕਚਹਿਰੀ ਵਿੱਚ ਪੇਸ਼ ਕਰਨ ਉਪਰੰਤ ਹਕੂਮਤ ਨੇ ਬਾਗੀ ਸਿੰਘਾਂ ਨੂੰ ਆਪਣੇ ਕੋਲ ਪਨਾਹ ਦੇਣ, ਲੁੱਟਾਂ-ਖੋਹਾਂ ਕਰਨ, ਚੋਰੀਆਂ ਡਾਕੇ ਤੇ ਹੋਰ ਕਈ ਤਰ੍ਹਾਂ ਦੇ ਮਨਘੜ੍ਹਤ ਕੇਸ ਪਾ ਕੇ ਭਾਈ ਸਾਹਬ ਨੂੰ ਕੇਸ ਕਤਲ ਕਰਵਾ ਕੇ ਮੁਸਲਮਾਨ ਬਣ ਜਾਣ ਲਈ ਕਿਹਾ ਤਾਂ ਭਾਈ ਸਾਹਬ ਨੇ ਲਲਕਾਰ ਕੇ ਕਿਹਾ ਕਿ ਇਹ ਕਦੇ ਨਹੀ ਹੋ ਸਕਦਾ, ਇਸ ਸਿੱਖ ਦਾ ਸਿੱਦਕ ਕੇਸਾਂ, ਸੁਆਸਾਂ ਨਾਲ ਨਿਭੇਗਾ। ਇਹ ਗੱਲ ਸੁਣ ਕੇ ਜ਼ਕਰੀਆਂ ਖਾਂ ਗੁੱਸੇ ਵਿੱਚ ਬੋਲਿਆ ਕਿ 'ਜਿੰਨ੍ਹਾਂ ਕੇਸਾਂ ਤੂੰ ਇੰਨ੍ਹਾਂ ਮਾਣ ਕਰਦਾ ਏ ਨਾ, ਮੈਂ ਜੁੱਤੀਆਂ ਮਾਰ-ਮਾਰ ਕੇ ਤੇਰੇ ਉਹ ਕੇਸ ਉਖਾੜ ਦਿਆਗਾਂ'।

**'ਅਕਾਲ, ਅਕਾਲ' ਸਿੰਘ ਜਾਪ ਉਚਾਰੇ। ਸੁਣ ਨਵਾਬ ਮੂੰਦੇ ਕੰਨ ਸਾਰੇ।**  
**ਤਬ ਨਵਾਬ ਬਹੁ ਕ੍ਰੋਧਹਿ ਭਰਾ। ਸੋਊ ਹੁਕਮ ਉਨ ਮੋਚੀਅਨ ਕਰਾ।**  
**ਇਸ ਕੀ ਖੋਪਰੀ ਸਾਥੇ ਬਾਲ। ਕਾਟ ਉਤਾਰੋ ਰੰਬੀ ਨਾਲ।**  
**ਤਬੈ ਕਸਾਇਨ ਵੈਸੀ ਕਰੌ। ਕਰ ਪੈਨੀ ਸਿਰ ਰੰਬੀ ਧਰੀ। (ਸ੍ਰੀ ਗੁਰ ਪੰਥ ਪ੍ਰਕਾਸ਼)**

ਭਾਈ ਤਾਰੂ ਸਿੰਘ ਨੇ ਕਿਹਾ ਕਿ ਜ਼ਕਰੀਆ ਖਾਂ 'ਤੈਨੂੰ ਇਹ ਖਾਲਸਾ ਆਪਣੀ ਜੁੱਤੀ ਦੇ ਅੱਗੇ ਲਾ ਕੇ ਲੈ ਕੇ ਜਾਵੇਗਾ।'

**ਕਹੋ ਜਾਇ ਹੋ ਰਹੁ ਮਜ਼ਬੂਤ। ਮਾਰੋਂ ਬੰਦ ਕਰ ਹਗਣੋ ਮੂਤ।**  
**ਹੋਹੁ ਤਯਾਰ ਤੂੰ ਦੋਜਕ ਤਾਊਂ। ਮਾਰ ਜੂਤਨ ਤੁਹ ਪਹਿਲੋਂ ਲਿਜਾਊਂ।। (ਪੰਥ ਪ੍ਰਕਾਸ਼)**

ਭਾਈ ਸਾਹਬ ਦੇ ਨਾਂਹ ਕਰਨ ਤੇ ਅੰਤ ਵਿੱਚ ਫਤਵਾ ਦਿੱਤਾ ਗਿਆ ਕਿ ਇਸ ਦੀ ਖੋਪਰੀ ਉਤਾਰ ਦਿੱਤੀ ਜਾਵੇ। ਜ਼ਲਾਦਾਂ ਨੇ ਰੰਬੀ ਨਾਲ ਭਾਈ ਤਾਰੂ ਸਿੰਘ ਜੀ ਦੀ ਖੋਪਰੀ ਉਤਾਰ ਦਿੱਤੀ। ਖੂਨ ਦੀਆਂ ਧਾਰਾਂ ਭਾਈ ਸਾਹਬ ਦੇ ਸਰੀਰ ਉੱਪਰ ਵਹਿ ਤੁਰੀਆਂ। ਆਪ ਅਡੋਲ ਚਿੱਤ ਜਪੁ ਜੀ ਸਾਹਬ ਜੀ ਦਾ ਪਾਠ ਕਰਦੇ ਰਹੇ। ਭਾਈ ਤਾਰੂ ਸਿੰਘ ਜੀ ਨੂੰ ਕਚਹਿਰੀ ਦੇ ਬਾਹਰ ਸੁੱਟ ਦਿੱਤਾ ਗਿਆ। ਉੱਥੋਂ ਕੁੱਝ ਸਿੱਖਾਂ ਸਰਕਾਰੀ ਕਾਰਵਾਈ ਪੂਰੀ ਕਰਕੇ ਭਾਈ ਸਾਹਬ ਨੂੰ ਨੇੜੇ ਦੀ ਧਰਮਸ਼ਾਲਾ ਵਿੱਚ ਲੈ ਗਏ। ਉੱਥੇ ਭਾਈ ਸਾਹਬ ਦਾ ਜਿੰਨ੍ਹਾਂ ਇਲਾਜ ਸੰਭਵ ਸੀ, ਉਨਾਂ ਕੀਤਾ ਗਿਆ।ਥੋੜ੍ਹੇ ਦਿਨਾਂ ਬਾਦ ਹੀ ਜ਼ਕਰੀਆਂ ਖਾਂ ਦਾ ਪੇਸ਼ਾਬ ਬੰਦ ਹੋ ਗਿਆ । ਜ਼ਕਰੀਆਂ ਖਾਂ ਬਹੁਤ ਤੰਗ ਹੋ ਗਿਆ। ਕਾਜ਼ੀ ਮੁਲਾਣਿਆਂ ਨ ਬਥੇਰੇ ਉਹੜ-ਪੋਹੜ ਕੀਤੇ ਸਭ ਬੇਅਸਰ ਗਏ। ਕਿਸੇ ਸਿਆਣੇ ਦੇ ਕਹਿਣ ਤੇ ਭਾਈ ਤਾਰੂ ਸਿੰਘ ਨੂੰ ਜ਼ਕਰੀਆਂ ਖਾਂ ਨੂੰ ਮੁਆਫ ਕਰਨ ਲਈ ਕਿਹਾ ਗਿਆ।




ਭਾਈ ਤਾਰੂ ਸਿੰਘ ਨੇ ਕਿਹਾ ਕਿ ਜੋ ਹੋਣਾ ਸੀ ਉਹ ਹੋ ਗਿਆ। ਹੁਣ ਮੈਂ ਕੁੱਝ ਨਹੀ ਕਰ ਸਕਦਾ। ਹੁਣ ਤਾਂ ਖਾਲਸਾ ਪੰਥ ਹੀ ਕੁੱਝ ਕਰ ਸਕਦਾ ਹੈ। ਖਾਲਸਾ ਪੰਥ ਤੱਕ ਪਹੁੰਚ ਕਰਨ ਲਈ ਭਾਈ ਸ਼ਹਿਬਾਜ਼ ਸਿੰਘ ਜੰਬਰ ਨੂੰ ਕਿਹਾ ਗਿਆ ਤਾਂ ਉਹ ਖਾਲਸਾ ਪੰਥ ਤੱਕ ਜੰਗਲਾਂ ਵਿੱਚ ਪਹੁੰਚੇ ਤਾਂ ਖਾਲਸਾ ਪੰਥ ਨੇ ਸਾਰੀ ਗੱਲ ਸੁਣ ਕੇ ਕਿਹਾ ਕਿ ਪਹਿਲਾਂ ਤਾਂ ਜ਼ਕਰੀਆ ਖਾਂ ਸਿੱਖਾਂ ਤੇ ਜ਼ੁਲਮ ਕਰਨੇ ਬੰਦ ਕਰੇ। ਦੂਜਾ ਸ਼ਹੀਦ ਹੋਏ ਸਿੱਖਾਂ ਦੇ ਸਸਕਾਰ ਕੀਤੇ ਜਾਣ। ਤੀਜਾ ਭਾਈ ਤਾਰੂ ਸਿੰਘ ਜੀ ਦਾ ਜੁੱਤਾ ਜ਼ਕਰੀਆ ਖਾਂ ਦੇ ਸਿਰ ਵਿੱਚ ਮਾਰਿਆ ਜਾਵੇ। ਇਸੇ ਤਰ੍ਹਾਂ ਹੀ ਕੀਤਾ ਗਿਆ। ਪਹਿਲਾਂ ਤਾਂ ਜੁੱਤਾ ਰੇਸ਼ਮੀ ਕੱਪੜੇ ਵਿੱਚ ਲਪੇਟ ਕੇ ਮਾਰਿਆ ਗਿਆ ਤੇ ਥੋੜ੍ਹਾ ਜਿਹਾ ਪੇਸ਼ਾਬ ਆਇਆ। ਫਿਰ ਕੱਪੜੇ ਵਿੱਚੋਂ ਕੱਢ ਕੇ ਜੁੱਤਾ ਜ਼ਕਰੀਆ ਖਾਂ ਦੇ ਸਿਰ ਵਿੱਚ ਮਾਰਿਆ ਤਾਂ ਖੁੱਲ ਕੇ ਪੇਸ਼ਾਬ ਆ ਗਿਆ। ਹਰ ਵਾਰੀ ਇਸੇ ਤਰ੍ਹਾਂ ਹੀ ਪੇਸ਼ਾਬ ਆਉਂਦਾ। ਅਗਲੇ ਦਿਨ ਹੀ ਜ਼ਕਰੀਆ ਖਾਂ ਮਰ ਗਿਆ। ਇਹ ਖਬਰ ਜਦ ਭਾਈ ਤਾਰੂ ਸਿੰਘ ਜੀ ਤੱਕ ਪਹੁੰਚੀ ਤਾਂ ਇਤਹਾਸ ਵਿੱਚ ਆਉਂਦਾ ਹੈ ਕਿ ਖੋਪਰੀ ਉਤਾਰਨ ਤੋਂ 22 ਦਿਨ ਬਾਅਦ 16 ਜੁਲਾਈ 1745 ਈ: ਭਾਈ ਤਾਰੂ ਸਿੰਘ ਜੀ ਗੁਰੂ ਸਾਹਿਬ ਦਾ ਸ਼ੁਕਰਾਨਾ ਕਰਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ।ਗੁਰੂ ਜੀ ਦਾ ਸੱਚੇ ਸਿੱਖ ਦੇ ਕਹੇ ਬੋਲ ਗੁਰੂ ਕ੍ਰਿਪਾ ਨਾਲ ਪੂਰੇ ਹੋਏ ਜ਼ਕਰੀਆ ਖਾਂ ਨੂੰ ਜੁੱਤੀ ਨਾਲ ਅੱਗੇ ਲਾ ਕੇ ਲੈ ਕੇ ਗਏ।

ਤਬ ਤਾਰੂ ਸਿੰਘ ਉੱਤਰ ਕਹੈ।  
ਅਪਨੀ ਗਤਿ ਗੁਰ ਆਪੇ ਲਹੈ।  
ਨਹੀਂ ਅੰਤ ਕਿਛੁ ਪਾਯਾ ਜਾਇ।  
ਉਨ ਕੇ ਭੇਦ ਹੈਂ ਉਨ ਹੀ ਪਾਹਿ। (**ਰਤਨ ਸਿੰਘ ਭੰਗੂ**)

ਭਾਈ ਤਾਰੂ ਸਿੰਘ ਜੀ ਦਾ ਸਸਕਾਰ ਲਾਹੌਰ ਦੇ ਸ਼ਹੀਦ ਗੰਜ਼ ਵਾਲੇ ਅਸਥਾਨ ਤੇ ਕੀਤਾ ਗਿਆ। ਭਾਈ ਸਾਹਬ ਜੀ ਨੇ ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾ ਕੇ ਇਸ ਸੰਸਾਰ ਵਿੱਚ ਇੱਕ ਵੱਖਰੀ ਮਿਸਾਲ ਕਾਇਮ ਕੀਤੀ। ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ ਲਾਮਿਸਾਲ ਹੈ। ਭਾਈ ਸਾਹਬ ਜੀ ਦੀ ਸ਼ਹੀਦੀ ਨੂੰ ਕੋਟਿਨ-ਕੋਟਿ ਪ੍ਰਣਾਮ।

**-ਧਰਮਿੰਦਰ ਸਿੰਘ (ਚੱਬਾ), ਪਿੰਡ ਤੇ ਡਾਕ: ਚੱਬਾ, ਤਰਨਤਾਰਨ ਰੋਡ, ਅੰਮ੍ਰਿਤਸਰ**

# ਜਥੇਦਾਰ ਗੜਗੱਜ ਨੇ ਜਨਰਲ ਸ਼ਾਬੇਗ ਸਿੰਘ ਮੈਮੋਰੀਅਲ ਚੈਰੀਟੇਬਲ ਟ੍ਰਸਟ ਦਾ ਅਰਦਾਸ ਕਰਕੇ ਕੀਤਾ ਉਦਘਾਟਨ

**ਸ੍ਰੀ ਅੰਮ੍ਰਿਤਸਰ, 15 ਜੁਲਾਈ (ਆਵਾਜ਼ਿ ਕੌਮ ਬਿਊਰੋ)**- ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਅੱਜ ਜੂਨ 1984 ਘੱਲੂਘਾਰੇ ਦੇ ਮਹਾਨ ਸ਼ਹੀਦ ਜਨਰਲ ਸ਼ਾਬੇਗ ਸਿੰਘ ਦੀ ਵਿਰਾਸਤ ਨੂੰ ਸੰਭਾਲਣ ਲਈ ਉਨ੍ਹਾਂ ਦੀ ਯਾਦ ਵਿੱਚ ਸਥਾਪਤ ਕੀਤੇ ਗਏ ਜਨਰਲ ਸ਼ਾਬੇਗ ਸਿੰਘ ਮੈਮੋਰੀਅਤ ਚੈਰੀਟੇਬਲ ਟ੍ਰਸਟ ਦਾ ਰਸਮੀ ਤੌਰ ਉੱਤੇ

ਆਵਾਜ਼ਿ ਕੌਮ AWAZE QAUM
International Newspaper & WEB TV

ਉਦਘਾਟਨ ਕੀਤਾ। ਇਸ ਮੌਕੇ ਜਥੇਦਾਰ ਗੜਗੱਜ ਨੇ ਗੁਰੂ ਸਾਹਿਬ ਦੇ ਸਨਮੁਖ ਅਰਦਾਸ ਕੀਤੀ ਕਿ ਸਮੁੱਚੀ ਕੌਮ ਨੂੰ ਸਮਰੱਥਾ ਬਖ਼ਸ਼ਣ ਕਿ ਮਹਾਨ ਸ਼ਹੀਦਾਂ ਦੀਆਂ ਵਿਰਾਸਤਾਂ ਨੂੰ ਸੰਭਾਲੀਏ। ਇਸ ਦੌਰਾਨ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਭਾਈ ਟੇਕ ਸਿੰਘ, ਜਨਰਲ ਸ਼ਾਬੇਗ ਸਿੰਘ ਦੇ ਭਰਾ ਸ. ਬਿਅੰਤ ਸਿੰਘ, ਉਨ੍ਹਾਂ ਦਾ ਪਰਿਵਾਰ ਅਤੇ ਪ੍ਰੋਫੈਸਰ ਬਲਜਿੰਦਰ ਸਿੰਘ ਵੀ ਹਾਜ਼ਰ ਸਨ। ਸ. ਬਿਅੰਤ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਨੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਜਥੇਦਾਰ ਭਾਈ ਟੇਕ ਸਿੰਘ ਦਾ ਸਿਰੋਪਾਓ ਅਤੇ ਸ੍ਰੀ ਸਾਹਿਬ ਦੇ ਕੇ ਸਨਮਾਨ ਕੀਤਾ। ਇਸ ਉਪਰਾਲੇ ਲਈ ਜਥੇਦਾਰ ਗੜਗੱਜ ਨੇ ਸ. ਬਿਅੰਤ ਸਿੰਘ ਨੂੰ ਵੀ ਸਿਰੋਪਾਓ ਦਿੱਤਾ।





ਇਸ ਮੌਕੇ ਗੱਲ ਕਰਦਿਆਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਗੁਰੂ ਸਾਹਿਬ ਦੇ ਸਿਧਾਂਤ ਉੱਤੇ ਚੱਲਦਿਆਂ ਸਿੱਖ ਕੌਮ ਦੀ ਅਣਖ ਤੇ ਗੈਰਤ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਾਸਤੇ ਜੋ 1984 ਵਿੱਚ ਸਿੱਖ ਜੁਝਾਰੂਆਂ ਨੇ ਜੋ ਦ੍ਰਿੜ੍ਹਤਾ ਦੇ ਨਾਲ ਉਸ ਸਮੇਂ ਦੀ ਹਕੂਮਤ ਅਤੇ ਫ਼ੌਜ ਦੇ ਨਾਲ ਜੰਗ ਲੜੀ, ਉਸ ਵਿੱਚ ਸੰਤ ਗਿਆਨੀ ਜਰਨੈਲ ਸਿੰਘ ਭਿੰਡਰਾਂਵਾਲੇ, ਜਨਰਲ ਸ਼ਾਬੇਗ ਸਿੰਘ, ਭਾਈ ਅਮਰੀਕ ਸਿੰਘ ਸਮੇਤ ਅਨੇਕਾਂ ਹੀ ਸਿੰਘਾਂ ਨੇ ਸ਼ਹੀਦੀਆਂ ਪਾਈਆਂ। ਜਨਰਲ ਸ਼ਾਬੇਗ ਸਿੰਘ ਉਹ ਮਹਾਨ ਯੋਧੇ ਹਨ, ਜੋ ਜਦੋਂ ਦੇਸ਼ ਦੇ ਲਈ ਲੜਣ ਦੀ ਲੋੜ ਪਈ ਤਾਂ ਉਹ ਨਿਧੜਕ ਹੋ ਕੇ ਲੜੇ ਤੇ ਵੱਡੇ ਯੋਗਦਾਨ ਪਾਏ ਅਤੇ ਜਦੋਂ ਸਿੱਖ ਕੌਮ ਦੇ ਹੱਕਾਂ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਮਾਣ ਮਰਯਾਦਾ ਦੀ ਗੱਲ ਆਈ ਤਾਂ ਵੀ ਬਹੁਤ ਬਹਾਦਰੀ ਨਾਲ ਲੜੇ। ਉਨ੍ਹਾਂ ਕਿਹਾ ਕਿ ਜਨਰਲ ਸ਼ਾਬੇਗ ਸਿੰਘ ਦੀ ਵਿਰਾਸਤ ਬਹੁਤ ਵੱਡੀ ਹੈ ਜਿਸ ਨੂੰ ਸੰਭਾਲਣਾ ਬਹੁਤ ਜ਼ਰੂਰੀ ਹੈ। ਜਥੇਦਾਰ ਗੜਗੱਜ ਨੇ ਜਨਰਲ ਸ਼ਾਬੇਗ ਸਿੰਘ ਦੇ ਨਾਮ ਉੱਤੇ ਉਨ੍ਹਾਂ ਦੇ ਪਿੰਡ ਖਿਆਲਾ ਕਲਾਂ ਵਿਖੇ ਉਨ੍ਹਾਂ ਦੇ ਨਿਜੀ ਘਰ ਨੂੰ ਜਨਰਲ ਸ਼ਾਬੇਗ ਸਿੰਘ ਮੈਮੋਰੀਅਲ ਚੈਰੀਟੇਬਲ ਟ੍ਰਸਟ ਵਜੋਂ ਸਥਾਪਤ ਕਰਨ ਦੇ ਉਪਰਾਲੇ ਲਈ ਉਨ੍ਹਾਂ ਦੇ ਭਰਾ ਸ. ਬਿਅੰਤ ਸਿੰਘ, ਸਮੁੱਚੇ ਪਰਿਵਾਰ ਅਤੇ ਹੋਰ ਸਾਥੀ ਸੰਗੀਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਹ ਅਤਿ ਜ਼ਰੂਰੀ ਹੈ ਕਿ ਜਿੱਥੇ ਕੌਮ ਦੇ ਮਹਾਨ ਸ਼ਹੀਦ ਜਨਰਲ ਸ਼ਾਬੇਗ ਸਿੰਘ ਨੇ ਆਪਣੇ ਪਰਿਵਾਰ ਨਾਲ ਲੰਮਾ ਸਮਾਂ ਬਿਤਾਇਆ ਹੋਵੇ ਉਸ ਵਿਰਾਸਤ ਨੂੰ ਸੰਭਾਲਿਆ ਜਾਵੇ ਤਾਂ ਜੋ ਭਵਿੱਖ ਵਿੱਚ ਨਵੀਂ ਪੀੜ੍ਹੀ ਨੂੰ ਪ੍ਰੇਰਣਾ ਮਿਲ ਸਕੇ। ••

# ਸਾਵਣੁ ਆਇਆ ਝਿਮਝਿਮਾ ਹਰਿ ਗੁਰਮੁਖਿ ਨਾਮੁ ਧਿਆਇ ।।

**ਸਾਉਣ** ਦਾ ਮਹੀਨਾ ਦੇਸੀ ਪੰਜਵਾਂ ਮਹੀਨਾ ਹੈ।ਇਹ 16 ਜੁਲਾਈ ਨੂੰ ਆਉਂਦਾ ਹੈ। ਹਾੜ੍ਹ ਮਹੀਨੇ ਦੀਆਂ ਤਪਦੀਆਂ ਧੁੱਪਾਂ ਤੋਂ ਰਾਹਤ ਮਿਲਣ ਦੀ ਆਸ ਹੁੰਦੀ ਹੈ। ਹਾੜ੍ਹ ਵਿੱਚ ਪਾਰਾ 43 ਜਾਂ ਕਦੇ ਕਦੇ 45 ਡਿਗਰੀ ਕਦੀਂ-ਕਦੀਂ 50 ਤੋਂ ਵੀ ਪਾਰ ਚਲਾ ਜਾਂਦਾ ਹੈ।ਕਾਂ ਅੱਖ ਨਿਕਲਦੀ ਹੈ।ਧਰਤੀ ਤਪ-ਤਪ ਕੇ ਸੜ ਜਾਂਦੀ ਹੈ। ਧਰਤੀ ਤੇ ਪੈਰ ਰੱਖਣਾ ਮੁਸ਼ਕਿਲ ਹੋ ਜਾਂਦਾ ਹੈ।ਪਿਆਸ ਨਾਲ ਬੁਰਾ ਹਾਲ ਹੋ ਜਾਂਦਾ ਹੈ।ਦਿਲ ਘਬਰਾਉਂਦਾ ਹੈ।ਠੰਡੀਆਂ ਚੀਜਾਂ ਵਸਤਾਂ ਹੀ ਰਾਹਤ ਦਿੰਦੀਆਂ ਹਨ। ਸਾਉਣ ਮਹੀਨਾ ਆਉਣ ਨਾਲ ਮੌਸਮ ਵਿੱਚ ਕਾਫੀ ਹੱਦ ਤੱਕ ਬਦਲਾਅ ਮਹਿਸੂਸ ਕੀਤਾ ਜਾਂਦਾ ਹੈ। ਜਿਹੜੇ ਅਸਮਾਨ ਵੱਲ ਦਿਨੇ ਦੁਪਿਹਰੇ ਸੂਰਜ ਕਾਰਨ ਤੱਕਿਆ ਨਹੀ ਜਾਂਦਾ, ਉਸ ਅਸਮਾਨ ਤੇ ਕਾਲੀਆਂ ਘਨਘੋਰ ਘਟਾਵਾਂ ਛਾ ਜਾਂਦੀਆਂ ਹਨ। ਠੰਡੀਆਂ ਹਵਾਵਾਂ ਰੁੱਖਾਂ ਸੰਗ ਅਠਖੇਲੀਆਂ ਕਰਦੀਆਂ ਅਲਾਹੀ ਸੰਗੀਤ ਪੈਦਾ ਕਰਦੀਆਂ ਹਨ।ਖੇਤ ਹਰੇ ਭਰੇ ਹੋ ਜਾਂਦੇ ਹਨ।ਦਰੱਖਤਾਂ ਦੀ ਰੂਹ ਨਸ਼ਿਆਈ ਜਾਂਦੀ ਹੈ। ਦਰੱਖਤ ਤੇ ਹਰੇ ਭਰੇ ਖੇਤ ਠੰਡੀ-ਠੰਡੀ ਤੇ ਮਿੱਠੀ-ਮਿੱਠੀ ਹਵਾ ਵਿੱਚ ਲਹਿਰਾਉਂਦੇ ਹੋਏ, ਉਸ ਕੁਦਰਤ ਦੀ ਪ੍ਰਸੰਸਾ ਕਰਦੇ ਗੀਤ ਗਾਉਂਦੇ ਹਨ ਤੇ ਖੁਸ਼ੀ ਵਿੱਚ ਖੀਵੇ ਹੋ ਦੂਹਰੇ ਤੀਹਰੇ ਹੋ-ਹੋ ਨੱਚਦੇ, ਟੱਪਦੇ ਤੇ ਬੋਲੀਆਂ ਪਾਉਂਦੇ ਪ੍ਰਤੀਤ ਹੁੰਦੇ ਹਨ।

ਇਸ ਵਾਰ ਹਾੜ੍ਹ ਮਹੀਨਾ ਹੀ ਸਾਉਣ ਮਹੀਨਾ ਬਣਿਆ ਹੋਇਆ ਹੈ।ਸਾਉਣ ਮਹੀਨੇ ਤੋਂ ਦਸ-ਪੰਦਰਾਂ ਦਿਨ ਪਹਿਲਾਂ ਹੀ ਬਰਸਾਤ ਸ਼ੁਰੂ ਹੋ ਗਈ ਹੈ। ਉਹ ਵੀ ਬਹੁਤ ਤੇਜ਼ ਬਾਰਿਸ਼ ਹੋ ਰਹੀ ਹੈ। ਨਦੀਆਂ, ਦਰਿਆ ਚੜ੍ਹੇ ਹੋਏ ਹਨ।ਹਾਲਾਤ ਬਹੁਤ ਮਾੜੇ ਹੋਏ। ਹੜ੍ਹਾਂ ਕਾਰਨ ਸਥਿਤੀ ਨਾਜ਼ੁਕ ਬਣੀ ਹੋਈ ਹੈ।ਦੁਕਾਨਾਂ, ਗੱਡੀਆਂ, ਘਰ, ਖੇਤ, ਡੰਗਰ, ਪਸ਼ੂ ਰੁੜ ਰਹੇ ਹਨ। ਪਸ਼ੂ ਮਰ ਰਹੇ ਹਨ।ਐਸੇ ਵਕਤ ਵਿੱਚ ਸਭ ਨੂੰ ਸੰਜ਼ਮ ਤੋਂ ਕੰਮ ਲੈਣ ਦੀ ਲੋੜ ਹੈ। ਹਿੰਮਤ ਬਣਾਈ ਰੱਖਣ ਦੀ ਲੋੜ ਹੈ।ਇੱਕ ਦੂਜੇ ਦੀ ਮਦਦ ਕਰਨ ਦਾ ਵਕਤ ਹੈ। ਪ੍ਰਮਾਤਮਾ ਸਭ ਭਲੀ ਕਰੇਗਾ।

**ਮੋਰਾਂ ਦੀ ਮਸਤੀ**-ਸਾਉਣ ਦੇ ਮਹੀਨੇ ਵਿੱਚ ਜਿੱਥੇ ਫਸਲਾਂ ਲਹਿਰਾਉਂਦੀਆਂ ਤੇ ਪੂਰੀ ਕਾਇਨਾਤ ਨੱਚ ਉੱਠਦੀ ਹੈ, ਉੱਥੇ ਪਸ਼ੂ-ਪੰਛੀ ਵੀ ਖੁਸ਼ੀ ਦੇ ਗੀਤ ਗਾਉਂਦੇ, ਨੱਚਦੇ ਤੇ ਟੱਪਦੇ ਨਜ਼ਰ ਆਉਂਦੇ ਹਨ। ਜਦੋਂ ਅਸਮਾਨ ਵਿੱਚ ਕਾਲੀ ਘਨਘੋਰ ਘਟਾ ਛਾਈ ਹੁੰਦੀ ਹੈ ਤਾਂ ਮੋਰ ਸਭ ਕੁੱਝ ਭੁੱਲ-ਭੁਲਾ ਕੇ ਆਪਣੇ ਖੰਭ ਖਿਲਾਰ ਕੇ ਖੁਸ਼ੀ ਵਿਚ ਪੈਲਾਂ ਪਾਉਂਦਾ ਨਜ਼ਰ ਆਉਂਦਾ ਹੈ।ਪੈਲਾਂ ਪਾਉਣ ਦੌਰਾਨ ਉਹ ਆਪਣੇ ਕੁੱਝ ਖੰਭ ਸੁੱਟ ਜਾਂਦਾ ਹੈ ਤੇ ਬੱਚੇ ਉਹ ਖੰਭ ਆਪਣੀਆਂ ਕਿਤਾਬਾਂ ਵਿੱਚ ਇਸ ਧਾਰਨਾ ਨਾਲ ਰੱਖਦੇ ਹਨ ਕਿ ਪੜ੍ਹਾਈ ਜ਼ਿਆਦਾ ਆਉਂਦੀ ਹੈ। ਮੋਰ ਦੇ ਖੰਭ ਇਤਨੇ ਪਵਿੱਤਰ ਮੰਨੇ ਜਾਂਦੇ ਹਨ ਕਿ ਮੰਦਰਾਂ ਤੇ ਗੁਰਦੁਆਰਿਆਂ ਵਿੱਚ ਵੀ ਇਸਤੇਮਾਲ ਕੀਤੇ ਜਾਂਦੇ ਹਨ।

**ਖੀਰ ਪੂੜੇ**-ਅੱਜ ਵੀ ਯਾਦ ਹੈ, ਜਦ ਛੋਟੇ ਹੁੰਦੇ ਸੀ ਤਾਂ ਪੰਜਾਬ ਦੇ ਪਿੰਡਾਂ ਵਿੱਚ ਸਾਵਣ ਆਉਣ ਤੇ ਘਰਾਂ ਵਿੱਚ ਵਿਆਹ ਵਰਗਾ ਮਾਹੌਲ ਹੁੰਦਾ ਸੀ।ਸਾਂਵੇਂ ਵਾਲੇ ਦਿਨ ਐਤਵਾਰ ਨੂੰ ਮਾੜੇ ਘਰਾਂ ਵਾਲਿਆਂ ਨੇ ਆਟਾ ਤੇ ਗੁੜ ਘੋਲ ਕੇ ਪਿੱਪਲ ਦੇ ਪੱਤਿਆਂ ਨਾਲ ਤਵੇ ਤੇ ਫੈਲਾ ਕੇ ਪੂੜੇ ਬਣਾਉਣੇ। ਨਾਲ ਦੁੱਧ ਦੀ ਖੀਰ ਬਣਾਈ ਜਾਂਦੀ ਸੀ। ਅੰਬ ਦੇ ਆਚਾਰ ਨਾਲ ਉਹ ਪੂੜੇ ਤੇ ਖੀਰ ਖਾਣੀ।ਇਸਦਾ ਆਪਣਾ ਹੀ ਆਨੰਦ ਸੀ।ਤਕੜੇ ਘਰ ਵਾਲਿਆ ਨੇ ਮਾਲ ਪੂੜ੍ਹੇ ਬਣਾ ਲੈਣੇ। ਅੱਜ ਕੱਲ ਦੀ ਨੌਜਵਾਨ ਪੀੜ੍ਹੀ ਇਸ ਸੱਭਿਆਚਾਰ ਤੋਂ ਕੋਹਾਂ ਦੂਰ ਹੈ। ਹੱਥੀਂ ਮਿਹਨਤ ਕਰਨ ਦੀ ਥਾਂ ਬਜ਼ਾਰੋ ਖੀਰ ਪੂੜੇ ਮੰਗਵਾ ਕੇ ਖਾ ਲਏ ਜਾਂਦੇ ਹਨ। ਘਰ ਵਿੱਚ ਬਣਾਏ ਖੀਰ ਪੂੜੇ ਸ਼ੁੱਧ ਸਾਜ਼ੋ ਸਮਾਨ ਨਾਲ ਬਣਾਏ ਸਨ, ਇਸ ਲਈ ਸਿਹਤ ਲਈ ਵੀ ਚੰਗੀ ਰਹਿੰਦੀ ਸੀ। ਅੱਜ ਕੱਲ ਬਜ਼ਾਰ ਵਾਲੇ ਮਿਲਾਵਟੀ ਸਮਾਨ ਨਾਲ ਬਣਾਏ ਜਾਂਦੇ ਹਨ ਤੇ ਸਿਹਤ ਲਈ ਬੀਮਾਰੀਆਂ ਦਾ ਕਾਰਨ ਬਣਦੇ ਹਨ। ਇਸ ਲਈ ਬਜ਼ਾਰੀ ਖਾਣ-ਪੀਣ ਦੇ ਸਮਾਨ ਤੋਂ ਪਰਹੇਜ਼ ਹੀ ਚੰਗਾ ਹੈ।

**ਸਾਂਵੇਂ ਲੱਗਣੇ**-ਹਰ ਪਿੰਡ ਵਿੱਚ ਇੱਕ ਜਗ੍ਹਾ ਮੁਕੱਰਰ ਕੀਤੀ ਜਾਂਦੀ ਸੀ। ਉਸ ਜਗ੍ਹਾ ਪਿੱਪਲ ਜਾਂ ਬੋਹੜ ਦਾ ਦਰੱਖਤ ਜਰੂਰ ਹੁੰਦਾ ਸੀ। ਉਸ ਉੱਤੇ ਕਿਸੇ ਗੱਭਰੂ ਵੱਲੋਂ ਚੜ੍ਹ ਕੇ ਸਭ ਤੋਂ ਉੱਚੇ ਟਾਹਣੇ ਤੇ ਲੰਬੀ ਪੀਂਘ ਪਾਈ ਜਾਂਦੀ ਸੀ।ਮੁਕੱਰਰ ਕੀਤੀ ਉਸ ਜਗ੍ਹਾ ਤੇ ਹਰ ਐਤਵਾਰ ਦੀ ਸ਼ਾਮ ਨੂੰ ਪਿੰਡ ਦੀਆਂ ਪੇਕੇ ਘਰ ਆਈਆਂ ਸੱਜ ਵਿਆਹੀਆਂ ਧੀਆਂ ਧਿਆਣੀਆਂ(ਜੋ ਆਪਣੇ ਪੇਕੇ ਪਿੰਡ ਆਈਆਂ ਹੁੰਦੀਆਂ ਸਨ) ਤੇ ਕੁਆਰੀਆਂ ਕੁੜੀਆਂ ਚਿੜੀਆਂ ਸੱਜ-ਧੱਜ ਕੇ ਸ਼ਾਮ ਨੂੰ ਉਸ ਜਗ੍ਹਾ ਤੇ ਜਾ ਕੇ ਗਿੱਧਾ, ਬੋਲੀਆਂ ਤੇ ਕਿੱਕਲੀਆਂ ਪਾਉਂਦੀਆਂ ਤੇ ਜ਼ਿਦੋ-ਜ਼ਿਦੀ ਇੱਕ ਦੂਜੀ ਤੋਂ ਉੱਚੀ ਪੀਂਘ ਚੜ੍ਹਾਉਂਦੀਆਂ ਸਨ।ਕਈ ਤਾਂ ਇੱਕਲੀਆਂ ਤੇ ਕਈ ਦੋ ਜਣੀਆਂ ਰਲ ਕੇ ਜ਼ੋਰੋ-ਜ਼ੋਰੀ ਪੀਂਘ ਚੜ੍ਹਾਉਂਦੀਆਂ ਸਨ।ਦੂਜੇ ਪਾਸੇ ਗੱਭਰੂ ਵੀ ਸੱਜ-ਧੱਜ ਕੇ ਨਵੇਂ ਕੱਪੜੇ ਪਾ ਕੇ ਭੰਗੜੇ ਪਾਉਂਦੇ। ਕਬੱਡੀਆ ਤੇ ਘੋਲ ਕਰਦੇ ਨਾ ਥੱਕਦੇ।ਇਹ ਸਾਂਵੇਂ ਰੂਪੀ ਮੇਲਾ ਦੇਰ ਰਾਤ ਤੱਕ ਚੱਲਦਾ। ਅਖੀਰ ਸਾਰੇ ਇੱਕਠੇ ਹੋ ਕੇ ਉੱਚੀ-ਉੱਚੀ ਗੱਲਾਂ ਕਰਦੇ ਤੇ ਹੱਸਦੇ ਖੇਡਦੇ ਹੋਏ ਘਰਾਂ ਨੂੰ ਪਰਤਦੇ। ਘਰ ਆ ਕੇ ਬਣੇ ਹੋਏ ਖੀਰ ਪੂੜ੍ਹੇਖਾਂਦੇ ਤੇ ਫਿਰ ਸੌਂ ਜਾਂਦੇ। ਫਿਰ ਪੂਰਾ ਹਫਤਾ ਉਸ ਸਾਂਵੇਂ ਤੇ ਆਉਣ ਵਾਲੇ ਅਗਲੇ ਸਾਂਵੇਂ ਬਾਰੇ ਚਰਚਾ ਕਰਦੇ ਰਹਿੰਦੇ।

**ਪੁਰਾਣਾ ਸਾਉਣ**-ਪਿਛਲੇ ਸਮੇਂ ਦੌਰਾਨ ਜਦ ਸਾਉਣ ਮਹੀਨਾ ਆਉਣਾ ਤੇ ਜਦ ਕਾਲੀਆਂ ਘਟਾਵਾਂ ਚੜਣੀਆਂ, ਮੀਂਹ ਪੈਣੇ ਸ਼ੁਰੂ ਹੋਣੇ ਤਾਂ ਕਈ-ਕਈ ਦਿਨ ਕਿਣ-ਮਿਣ ਹੁੰਦੀ ਰਹਿਣੀ। ਨਿੱਕਾ-ਨਿੱਕਾ ਮੀਂਹ ਪੈਂਦਾ ਰਹਿਣਾ।ਕਈ-ਕਈ ਦਿਨ ਝੜੀਆਂ ਲੱਗੀਆਂ ਰਹਿਣੀਆਂ। ਸੂਰਜ ਦੇਵਤਾ ਸਾਉਣ ਵਿੱਚ ਘੱਟ ਹੀ ਦਿਖਾਈ ਦੇਂਦਾ ਸੀ।ਉਦੋਂ ਘਰ ਤਕਰੀਬਨ ਜ਼ਿਆਦਾਤਰ ਕੱਚੀ ਮਿੱਟੀ ਦੇ ਬਣੇ ਹੁੰਦੇ ਸਨ। ਕੋਈ ਵਿਰਲਾ ਟਾਵਾਂ ਹੀ ਹੁੰਦਾ ਸੀ, ਜਿਸਦਾ ਘਰ ਪੱਕਾ ਹੁੰਦਾ ਸੀ।ਘਰਾਂ ਵਿੱਚੋਂ ਬਾਲਣ ਖਤਮ ਹੋ ਜਾਣੇ(ਉਦੋਂ ਗੈਸ ਸਿਲੰਡਰ ਨਹੀ ਹੁੰਦੇ ਸਨ) ਘਰਾਂ ਦੀਆਂ ਛੱਤਾਂ ਚੋਣ ਲੱਗ ਪੈਂਦੀਆਂ ਸਨ। ਛੱਤਾਂ ਚੋਣ ਨਾਲ ਇੱਕਠਾ ਕੀਤਾ ਬਾਲਣ ਜਿਸ ਵਿੱਚ ਪਾਥੀਆਂ, ਛਿਟਕੀਆਂ, ਟਿੱਜ਼ਣ ਜਾਂ ਲੱਕੜਾਂ ਹੋਣੀਆਂ ਤਾਂ ਉਹ ਗਿੱਲੀਆਂ ਹੋ ਜਾਣੀਆਂ। ਬਾਲਣ ਤੋਂ ਬੜੀ ਮੁਸ਼ਕਿਲ ਆਉਣੀ। ਡੰਗਰਾਂ ਦਾ ਸੁੱਕਾ ਚਾਰਾ ਮੁੱਕ ਜਾਣਾ। ਹੋਰ ਮੁਸ਼ਕਿਲ ਵੱਧ ਜਾਣੀ। ਘਰ ਜ਼ਿਆਦਾਤਰ ਕੱਚੇ ਹੋਣ ਨਾਲ ਕਈ-ਕਈ ਦਿਨ ਪੈਂਦੇ ਮੀਂਹ ਕਾਰਨ ਕਿਸੇ ਦਾ ਆਪਣਾ ਰਹਿਣ ਵਾਲਾ ਕੋਠਾ, ਕਿਸੇ ਦਾ ਡੰਗਰਾਂ ਵਾਲਾ ਕੋਠਾ ਜਾਂ ਕਿਸੇ ਦੀ ਕੰਧ ਡਿੱਗਣ ਦੀਆਂ ਅਵਾਜ਼ਾਂ ਸਾਉਣ ਵਿੱਚ ਮਿਲਣੀਆਂ ਆਮ ਗੱਲ ਸੀ। ਜੇ ਕਿਸੇ ਦਾ ਕੋਠਾ ਡਿੱਗ ਪੈਂਦਾ ਜਾਂ ਘਰ ਨੀਵਾਂ ਹੋਣ ਕਰਕੇ ਪਾਣੀ ਆ ਜਾਂਦਾ ਤਾਂ ਲੋਕ ਆਪਣਾ ਜਰੂਰੀ ਤੇ ਕੀਮਤੀ ਸਮਾਨ ਕਿਸੇ ਦੂਜੇ ਦੇ ਘਰ, ਜਿਸਦਾ ਘਰ ਉੱਚੀ ਥਾਂ ਤੇ ਹੁੰਦਾ ਸੀ, ਉਸ ਘਰ ਆਪਣਾ



ਸਮਾਨ ਸਿਰਾਂ ਤੇ ਜਾਂ ਗੱਡਿਆ ਤੇ ਲੱਦ ਕੇ ਪਹੁੰਚਾਉਂਦੇ ਆਮ ਵੇਖੇ ਜਾਂਦੇ ਸਨ।(ਮੈਨੂੰ ਧੁੰਦਲਾ-ਧੁੰਦਲਾ ਯਾਦ ਹੈ ਕਿ ਨਿੱਕੇ ਹੁੰਦਿਆਂ ਸਾਡੇ ਘਰ ਵੀ ਪਾਣੀ ਆ ਗਿਆ ਸੀ ਤੇ ਅਸੀਂ ਵੀ ਸਮਾਨ, ਡੰਗਰ ਤੇ ਡੰਗਰਾਂ ਦਾ ਚਾਰਾ ਕਿਸੇ ਉੱਚੀ ਥਾਂ ਵਾਲੇ ਦੇ ਘਰ ਰੱਖਿਆ ਸੀ) ਕਿਸੇ ਦੂਜੇ ਦਾ ਕੰਧ ਕੋਠਾ ਡਿੱਗਾ ਵੇਖ ਕੇ ਸਾਰਿਆਂ ਨੂੰ

ਆਪੋ-ਆਪਣੇ ਕੰਧਾਂ ਕੋਠਿਆਂ ਦਾ ਖਿਆਲ ਸਤਾਉਣ ਲੱਗ ਜਾਣਾ ਕਿ ਜੇ ਕੋਈ ਕੰਧ ਕੋਠਾ ਮੀਂਹ ਵਿੱਚ ਡਿੱਗ ਪਿਆ ਤਾਂ ਇਸ ਬਾਰਸ਼ ਵਿੱਚ ਕਿੱਥੇ ਜਾਵਾਂਗੇ ਜਾਂ ਡੰਗਰ ਕਿੱਥੇ ਬੰਨ੍ਹਾਂਗੇ।ਲੋਕ ਮੀਂਹ ਘੱਟ ਹੋਣ ਤੇ ਕੋਠਿਆਂ ਤੇ ਚੜ੍ਹ ਕੇ ਛੱਤਾਂ ਵੇਖਦੇ ਨਜ਼ਰੀ ਪੈਂਦੇ ਸਨ। ਕਈ ਨੀਵੇਂ ਘਰ ਹੋਣ ਕਰਕੇ ਬਾਲਟੀ ਡੱਬਿਆ ਨਾਲ ਪਾਣੀ ਬਾਹਰ ਕੱਢਦੇ ਸਨ।ਅੱਜ ਕੱਲ ਇਹ ਸਭ ਕੁੱਝ ਨਹੀ ਹੈ। ਇਨਸਾਨ ਲਈ ਬਹੁਤ ਸੁੱਖ ਸਹੂਲਤਾਂ ਹੋ ਗਈਆਂ ਹਨ। ਜ਼ਿਆਦਾ ਮੀਂਹ ਪੈਣ ਨਾਲ ਬਾਹਰ ਗਲੀਆਂ, ਨਾਲੀਆਂ, ਛੱਪੜ, ਟੋਭਿਆਂ ਵਿੱਚ ਪਾਣੀ ਭਰ ਜਾਣਾ। ਛੱਪੜਾਂ, ਟੋਭਿਆਂ ਵਿੱਚ ਨਹਾਉਂਦੇ ਫਿਰਨਾ। ਉਸ ਪਾਣੀ ਵਿੱਚ ਕਾਗਜ਼ ਦੀਆਂ ਬੇੜੀਆਂ, ਕਿਸ਼ਤੀਆਂ ਬਣਾ ਕੇ ਤਾਰਨੀਆਂ। ਗਲੀਆਂ ਵਚ ਸਾਈਕਲ ਦਾ ਟਾਇਰ ਲੈ ਕੇ ਪਾਣੀ ਵਿੱਚ ਨੰਗ-ਧੜੰਗੇ ਟਾਇਰ ਭਜਾਈ ਫਿਰਨੇ। ਇੱਕ ਦੂਜੇ ਉੱਤੇ ਛਿੱਟੇ ਪਾਉਣੇ ਤੇ ਉੱਚੀ-ਉੱਚੀ ਗਾਉਂਦੇ ਫਿਰਨਾ ਕਿ:

**ਕਾਲੀਆਂ ਇੱਟਾਂ ਕਾਲੇ ਰੋੜ**
**ਮੀਂਹ ਵਰਾ ਦੇ ਜ਼ੋਰੋ ਜ਼ੋਰ**

--( )

**ਰੱਬਾ ਰੱਬਾ ਮੀਂਹ ਵਰਾ**
**ਸਾਡੀ ਕੋਠੀ ਦਾਣੇ ਪਾ**

--( )

**ਧਾਰਮਿਕ ਮਹੱਤਤਾ**-ਮਹਾਨ ਕੋਸ਼ ਦੇ ਲਿਖਾਰੀ ਭਾਈ ਕਾਹਨ ਸਿੰਘ ਨਾਭਾ ਅਨੁਸਾਰ ਸੰਸਕ੍ਰਿਤ ਦੇ ਸ਼੍ਰਾਵਣ, ਸੰਗਿਆ ਸ਼ਰਵਣ, ਨਛਤ੍ਰ ਹੋਵੇ ਜਿਸ ਦੀ ਪੂਰਨਮਾਸ਼ੀ ਵਿੱਚ ਐਸਾ ਮਹੀਨਾ ਹੈ ਸਾਉਣ।ਤਕਰੀਬਨ-ਤਕਰੀਬਨ ਸਾਰੇ ਗੁਰੂ ਸਹਿਬਾਨਾਂ ਵੱਲੋਂ ਪਵਿੱਤਰ ਗੁਰਬਾਣੀ ਵਿੱਚ ਸਾਉਣ ਮਹੀਨੇ ਦਾ ਜ਼ਿਕਰ ਕੀਤਾ ਗਿਆ ਹੈ।ਗੁਰੂ ਨਾਨਕ ਸਾਹਿਬ ਜੀ ਆਪਣੀ ਰਚਨਾ ਵਡਹੰਸੁ ਮਹਲਾ 1 ਘਰ 2 ਵਿੱਚ ਜ਼ਿਕਰ ਕਰਦੇ ਹਨ ਕਿ:

ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ।।
ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ।।
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਵਡਹੰਸੁ ਮਹਲਾ 1, ਘਰ 2, ਅੰਗ-557)

ਸਲੋਕ ਮ:2

ਸਾਵਣੁ ਆਇਆ ਹੇ ਸਖੀ ਕੰਤੈ ਚਿਤਿ ਕਰੇਹੁ।।
ਨਾਨਕ ਝੂਰਿ ਮਰਹਿ ਦੋਹਾਗਣੀ ਜਿਨ ਅਵਰੀ ਲਾਗਾ ਨੇਹੁ।।
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸਲੋਕ ਮ:2, ਅੰਗ-1280)

ਮ: 4

ਸਾਵਣੁ ਆਇਆ ਝਿਮਝਿਮਾ ਹਰਿ ਗੁਰਮੁਖਿ ਨਾਮੁ ਧਿਆਇ।।
(ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ, ਮ: 4, ਅੰਗ-1250)

ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ।।
ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ।।
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, , ਬਾਰਹ ਮਾਹਾ ਮਾਂਝ ਮਹਲਾ:5, ਘਰੁ 4,ਅੰਗ-134)

**ਛੰਤੁ**

ਰੁਤਿ ਬਰਸੁ ਸੁਹੇਲੀਆ ਸਾਵਣ ਭਾਦਵੇ ਆਨੰਦ ਜੀਉ।।
ਘਣ ਉਨਵਿ ਵੁਠੇ ਜਲ ਥਲ ਪੂਰਿਆ ਮਕਰੰਦ ਜੀਉ।।
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਛੰਤੁ, ਅੰਗ-928)

**ਰਾਗੁ ਆਸਾ**

ਕਤਿਕ ਕੂੰਜਾਂ ਚੇਤਿ ਡਉ ਸਾਵਣਿ ਬਿਜੁਲੀਆਂ।।
ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ।।
ਚਲੇ ਚਲਣਹਾਰ ਵਿਚਾਰਾ ਲੇਇ ਮਨੋ।।
ਗੰਢੇਦਿਆਂ ਛਿਅ ਮਾਹ ਤੁੜੰਦਿਆ ਹਿਕੁ ਖਿਨੋ।।
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਆਸਾ, ਅੰਗ-488)

ਸਾਵਣ ਲਹਿਰ ਤਰੰਗ ਨੀਰੁ ਨੀਵਾਣਿਆ।
(ਭਾਈ ਗੁਰਦਾਸ ਜੀ, ਵਾਰ 19ਵੀਂ, ਪਉੜੀ 9ਵੀਂ)

ਸਾਵਣ ਵਣ ਹਰੀਆਵਲੇ ਵੁਠੇ ਸੁਕੇ ਅਕੁ ਜਵਾਹਾ।
(ਭਾਈ ਗੁਰਦਾਸ ਜੀ, ਵਾਰ 31ਵੀਂ, ਪਉੜੀ 3ਜੀਂ)

**ਸਾਵਣ ਪ੍ਰਤੀ ਗੀਤ, ਲੋਕ ਗੀਤ**-ਸਾਵਣ ਦੇ ਮਹੀਨੇ ਦਾ ਜ਼ਿਕਰ ਜਿਸ ਤਰ੍ਹਾਂ ਗੁਰਬਾਣੀ ਵਿੱਚ ਕਈ ਵਾਰ ਆਇਆ ਹੈ, ਇਸੇ ਤਰ੍ਹਾਂ ਹੀ ਸਮੇਂ-ਸਮੇਂ ਤੇ ਕਵੀਆਂ ਨੇ ਵੀ ਸਾਵਣ ਦਾ ਬਾਖੂਬੀ ਜ਼ਿਕਰ ਕਰਦਿਆਂ ਅਨੇਕਾਂ ਹੀ ਗੀਤ ਰਚੇ ਹਨ।ਕਈ ਗੀਤ ਤਾਂ ਲੋਕ ਗੀਤਾਂ ਦੀ ਪੱਦਵੀ ਧਾਰਨ ਕਰ ਗਏ ਹਨ। ਸਾਰੇ ਤਾਂ ਨਹੀ ਸਾਉਣ ਮਹੀਨੇ ਨਾਲ ਵਾਹ-ਵਾਸਤਾ ਰੱਖਣ ਵਾਲੇ ਕੁੱਝ ਕੁ ਗੀਤਾਂ ਦਾ ਜ਼ਿਕਰ ਇੱਥੇ ਕਰਾਂਗੇ ਜਿਵੇਂ:

ਬਾਬਾ ਬੁੱਲ੍ਹੇ ਸ਼ਾਹ ਆਪਣੇ ਬਾਰਾਂ ਮਾਹ ਵਿੱਚ ਦੇਸੀ ਬਾਰਾਂ ਮਹੀਨਿਆਂ ਦਾ ਬਾਖੂਬੀ ਜ਼ਿਕਰ ਕਰਦੇ ਹਨ।ਸਾਉਣ ਮਹੀਨੇ ਬਾਰੇ ਵੀ ਉਹ ਆਪਣੇ ਜ਼ਜ਼ਬਾਤ ਪ੍ਰਗਟ ਕਰਦੇ ਲਿੱਖਦੇ ਹਨ ਕਿ:

ਸਾਵਣ ਸੋਹੇ ਮੇਂਘਲਾ ਘਟ ਸੋਹੇ ਕਰਤਾਰ
ਠੋਰ ਠੋਰ ਅਨਾਇਤ ਬਸੇ ਪਪੀਹਾ ਕਰੇ ਪੁਕਾਰ

ਸੋਹਣ ਮਲਿਹਾਰਾਂ ਸਾਰੇ ਸਾਵਣ, ਦੂਤੀ ਦੁੱਖ ਲੱਗੇ ਉੱਠ ਜਾਵਣ
ਨੀਂਗਰ ਖੇਡਣ ਕੁੜੀਆਂ ਗਾਵਣ, ਮੈਂ ਘਰ ਰੰਗ ਰੰਗੀਲੇ ਆਵਣ
ਆਸਾਂ ਪੁੰਨੀਆਂ
ਮੇਰੀਆਂ ਆਸਾਂ ਰੱਬ ਪੁਚਾਈਆਂ, ਮੈਂ ਤਾਂ ਉਠ ਸੰਗ ਅੱਖੀਆਂ ਲਾਈਆਂ
ਸਈਆਂ ਦੇਣ ਮੁਬਾਰਕ ਆਈਆਂ, ਸ਼ਾਹ ਅਨਾਇਤ ਆਖਾਂ ਸਾਈਆਂ

**ਆਸਾਂ ਪੁੰਨੀਆਂ**

-----()-----

ਬੜੇ ਮਹਾਨ ਕਵੀ ਹੋਏ ਹਨ, ਭਾਈ ਵੀਰ ਸਿੰਘ ਜੀ। ਉਹ ਆਪਣੀ 'ਕੰਤ ਮਹੇਲੀ ਬਾਰਾਂ ਮਾਹ' ਨਾਂਅ ਦੀ ਕਿਤਾਬ ਵਿੱਚ 'ਸਾਵਣ' ਕਵਿਤਾ ਰਾਹੀਂ ਸੰਬੋਧਨ ਹੁੰਦੇ ਲਿਖਦੇ ਹਨ ਕਿ:

ਚੜ੍ਹਿਆ ਸਾਵਣ ਮਹੀਨਾ
ਸਹੀਆਂ ਪੀਘਾਂ ਨੇ ਪਾਈਆਂ।
ਸੂਲਾਂ ਵੱਜਣ ਕਲੇਜੇ
ਝਿੱਕੀ ਮੰਜ਼ੀ ਤੇ ਪਈਆਂ।
ਸਹੀਆਂ ਟੁੰਬਦੀਆਂ ਆ ਜਾ
'ਉੱਠ ਨੀ ਸਾਂਵੇਂ' ਨੀ ਆਏ
ਅਨੀਓ ! ਮਾਹੀ ਵਿਹੂਣੀ,
ਦੁੱਖਾਂ ਮਾਰ ਮੁਕਈਆਂ।
ਟੁਰ ਗਿਆ ਦੇਸ ਬਿਦੇਸੀਂ
ਛਡ ਕੇ ਹਾਇ ਇੱਕਲੀ,
ਰੋ ਰੋ ਹੋਈ ਹਾਂ ਝੱਲੀ
ਜੀਉਂਦੀ ਕਾਹਨੂੰ ਹਾਂ ਰਹੀਆਂ।

--()

ਬਾਬੂ ਫ਼ੀਰੋਜ਼ਦੀਨ ਸ਼ਰਫ ਵੀ ਸਾਵਣ ਮਹੀਨੇ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੇ ਲਿੱਖਦੇ ਹਨ ਕਿ:

ਸਾਵਣ ਸੀਸ ਗੁੰਦਾ ਕੇ ਸਈਆਂ,
ਹਾਰ-ਸ਼ਿੰਗਾਰ ਸਜ਼ਾਏ ਨੇ।
ਮਿੱਠੇ-ਮਿੱਠੇ ਗੀਤ ਮਾਹੀ ਦੇ,
ਸਭਨਾਂ ਰਲ ਮਿਲ ਗਾਏ ਨੇ।

--()

ਪ੍ਰਸਿੱਧ ਸ਼ਾਇਰਾ ਅੰਮ੍ਰਿਤਾ ਪ੍ਰੀਤਮ ਵੀ ਸਾਵਣ ਮਹੀਨੇ ਸਬੰਧੀ ਆਪਣੇ ਹਾਵ-ਭਾਵ ਪ੍ਰਗਟ ਕਰਦੀ ਲਿੱਖਦੀ ਹੈ ਕਿ:

ਉਮੜ-ਉਮੜ ਕੇ ਬੱਦਲ ਆਇਆ,
ਕਣੀ ਕਣੀ ਵੱਸ ਜਾਣਾ।
ਭਰਿਆ ਤ੍ਰਿੰਝਣ ਡਾਰ ਕੂੰਜ਼ਾਂ ਦੀ,
ਸਭਨਾਂ ਨੇ ਉੱਡ ਜਾਣਾ।

--()

ਲ਼ਾਲਾ ਧਨੀ ਰਾਮ ਚਾਤ੍ਰਿਕ ਦੀ ਬੜੀ ਸੋਹਣੀ ਕਵਿਤਾ ਜੋ ਉਹਨਾਂ ਸਾਉਣ ਮਹੀਨੇ ਬਾਰੇ ਲਿਖੀ ਹੈ। ਇਸ ਕਵਿਤਾ ਵਿੱਚ ਉਹਨਾਂ ਪਿੰਡ ਵਿਚਲੇ ਸਾਉਣ ਦਾ ਬਾਖੂਬੀ ਚਿਤ੍ਰਣ ਕੀਤਾ ਹੈ।ਮੈਂ ਇੱਥੇ ਸਾਰੀ ਕਵਿਤਾ ਦੱਸਣੀ ਚਾਹਾਗਾਂ।

ਸਾਉਣੀ ਮਾਂਹ, ਝੜੀਆਂ ਗਰਮੀ ਝਾੜ ਸੁੱਟੀ,
ਧਰਤੀ ਪੁੰਗਰੀ ਟਹਿਕੀਆਂ ਡਾਲੀਆਂ ਨੇ।
ਰਾਹ ਰੋਕ ਲਏ ਛੱਪੜਾਂ-ਟੋਭਿਆਂ ਨੇ,
ਨਦੀਆਂ ਨਾਲਿਆਂ ਜੂਹਾਂ ਰੰਗਾਲੀਆਂ ਨੇ।
ਧਾਈਂ ਉਸਰੇ, ਨਿੱਸਰੀ ਚਰ੍ਹੀ ਮੱਕੀ,
ਤੇ ਕਪਾਹੀਂ ਨਾ ਜਾਣ ਸੰਭਾਲੀਆਂ ਨੇ।
ਜੰਮੂ ਰਸੇ ਅਨਾਰ ਵਿੱਚ ਆਈ ਸ਼ੀਰੀਂ,
ਚੜ੍ਹੀਆਂ ਸਬਜ਼ੀਆਂ ਨੂੰ ਗਿੱਠ ਗਿੱਠ ਲਾਲੀਆਂ ਨੇ।
ਤਿੜ੍ਹਾਂ ਤਿੜਕੀਆਂ, ਪੱਠਿਆਂ ਲਹਿਰ ਲਾਈ,
ਡੰਗਰ ਛੱਡ ਦਿੱਤੇ ਖੁੱਲ੍ਹੇ ਪਾਲੀਆਂ ਨੇ।
ਵੱਟਾਂ ਬੱਧੀਆਂ, ਜੋਤਰੇ ਖੋਲ੍ਹ ਦਿੱਤੇ,
ਛਾਵੇਂ ਮੰਜ਼ੀਆਂ ਡਾਹੀਆਂ ਹਾਲੀਆਂ ਨੇ।
ਪੇਕੀਂ ਬੈਠੀਆਂ ਤਾਈਂ ਦਿਹਾਰ ਆਏ,
ਤੇ ਸ਼ਿੰਗਾਰ ਲਾਏ ਸਹੁਰੀਂ ਆਈਆਂ ਨੇ।

ਵੰਗਾਂ-ਚੂੜ੍ਹੀਆਂ ਪਹਿਨੀਆਂ ਕੁਆਰੀਆਂ ਨੇ,
ਰੰਗ ਚੁੰਨੀਆਂ, ਮਹਿੰਦੀਆਂ ਲਾਈਆਂ ਨੇ।
ਖੀਰਾਂ ਰਿੱਝੀਆਂ, ਪੂੜਿਆਂ ਡੰਡ ਲਾਹੀ,
ਕੁੜੀਆਂ ਵਹੁਟੀਆਂ ਨੇ ਪੀਘਾਂ ਪਾਈਆਂ ਨੇ।
ਗਿੱਧੇ ਵੱਜਦੇ, ਕਿਲਕਿਲੀ ਮੱਚਦੀ ਏ,
ਘਟਾਂ ਕਾਲੀਆਂ ਵੇਖ ਕੇ ਛਾਈਆਂ ਨੇ।
ਸੇਂਚੀ ਖੇਡਦੇ ਗੱਭਰੂ ਪਿੜਾਂ ਅੰਦਰ,
ਛਿੰਝਾਂ ਪਾਉਂਦੇ ਤੇ ਛਾਲਾਂ ਲਾਉਂਦੇ ਨੇ।
ਲੋਕੀਂ ਖੁਸ਼ੀ ਅੰਦਰ ਖੀਵੇ ਹੋਏ ਚਾਤ੍ਰਿਕ,
ਸਾਉਣ ਮਾਹ ਦੇ ਸੋਹਲੇ ਗਾਉਂਦੇ ਨੇ।

--()--

ਤੀਆਂ ਧੀਆਂ ਦੀਆਂ-

ਸਾਵਣ ਦੇ ਮਹੀਨੇ ਵਿੱਚ ਨਵ-ਵਿਆਹੀਆਂ ਨੂੰ ਉਸਦਾ ਭਰਾ ਸਹੁਰੇ ਘਰੋਂ ਲੈਣ ਜਾਂਦਾ ਹੈ।ਭਰਾ ਨੂੰ ਵੇਖ ਕੇ ਭੈਣ ਦੂਣੀ-ਚੋਣੀ ਹੋਈ ਫਿਰਦੀ ਧਰਤੀ ਪੱਬ ਨੀ ਲਾਉਂਦੀ।ਹੱਸਦੀ ਟੱਪਦੀ ਖੁਸ਼ੀ-ਖੁਸ਼ੀ ਆਪਣੇ ਵੀਰ ਲਈ ਵੰਨ-ਸੁਵੰਨੇ ਖਾਣੇ ਬਣਾਉਂਦੀ ਹੈ। ਜੇ ਕਿਸੇ ਅੜ੍ਹਬ ਸੱਸ ਨੇ ਭਰਾ ਲਈ ਬਹੁਤੇ ਸਵਾਦਿਸ਼ਟ ਪਕਵਾਨ ਬਣਾਉਣ ਦੀ ਆਗਿਆ ਨਹੀ ਦਿੱਤੀ ਤਾਂ ਨੂੰਹ ਆਪਣੀ ਸੱਸ ਨੂੰ ਦੱਬਵੀਂ ਅਵਾਜ਼ ਵਿੱਚ ਮਿਹਣਾ ਮਾਰਦੀ ਹੋਈ ਕਹਿੰਦੀ ਹੈ ਕਿ:

ਸੱਸੇ ਤੇਰੀ ਮਹਿ ਮਰ ਜੇ,
ਮੇਰੇ ਵੀਰ ਨੂੰ ਸੁੱਕੀ ਖੰਡ ਪਾਈ।

ਪੇਕੇ ਘਰ ਜਾਣ ਲਈ ਭੈਣ ਕਾਹਲੀ ਹੁੰਦੀ ਹੈ। ਜੇ ਕਿਸੇ ਭੈਣ ਦਾ ਭਰਾ ਕਿਸੇ ਕਾਰਨ ਕਰਕੇ ਸਾਉਣ ਵਿੱਚ ਆਪਣੀ ਭੈਣ ਨੂੰ ਲੈਣ ਨਾ ਸਕੇ ਤਾਂ ਸੱਸ ਮਿਹਣਾ ਮਾਰਦੀ ਹੈ।

ਤੈਨੂੰ ਤੀਆਂ ਤੇ ਲੈਣ ਨਾ ਆਏ,
ਨੀ ਬਹੁਤਿਆਂ ਭਰਾਵਾਂ ਵਾਲੀਏ।

ਭੈਣ ਆਪਣੇ ਭਰਾ ਨਾਲ ਪੇਕੇ ਘਰ ਆ ਕੇ ਇਸ ਤਰ੍ਹਾਂ ਮਹਿਸੂਸ ਕਰਦੀ ਹੈ ਜਿਵੇਂ ਪੰਛੀ ਪਿੰਜਰੇ ਵਿੱਚੋਂ ਬਾਹਰ ਨਿਕਲ ਕੇ ਅਜ਼ਾਦ ਫ਼ਿਜਾ ਵਿੱਚ ਉਡਾਰੀਆਂ ਲਾ ਕੇ ਖੁਸ਼ ਹੁੰਦਾ ਹੈ।ਉਹ ਆਪਣੀਆਂ ਦੂਜੀਆਂ ਵਿਆਹੀਆਂ ਤੇ ਪੇਕੇ ਪਿੰਡ ਆਈਆਂ ਸਹੇਲੀਆਂ ਨੂੰ ਮਿਲਣ ਲਈ ਉਤਾਵਲੀ ਹੁੰਦੀ ਹੈ। ਸਾਰੀਆਂ ਵਿਆਹੀਆਂ ਤੇ ਕੁਆਰੀਆਂ ਕੁੜੀਆਂ ਚਿੜੀਆਂ ਇੱਕਠੀਆਂ ਹੋ ਕੇ ਐਤਵਾਰ ਨੂੰ ਸਾਂਵੇਂ ਵਾਲੇ ਤੀਆਂ ਵਾਲੇ ਦਿਨ ਝੁਰਮਟ ਪਾਉਂਦੀਆਂ, ਨੱਚਦੀਆਂ, ਟੱਪਦੀਆਂ ਕਿੱਕਲੀਆਂ ਪਾਉਂਦੀਆਂ ਤੇ ਖੁਸ਼ੀ ਦੇ ਗੀਤ ਗਾਉਂਦੀਆਂ ਹਨ। ਨਵੀਆਂ ਵਿਆਹੀਆਂ ਆਪੋ ਆਪਣੇ ਸਹੁਰਿਆਂ ਦੀਆਂ ਸਿਫਤਾਂ ਤੇ ਖਾਮੀਆਂ ਆਪਣੀਆਂ ਸਹੇਲੀਆਂ ਨਾਲ ਸਾਂਝੀਆਂ ਕਰਦੀਆਂ ਹਨ ਕਿਉਂਕਿ ਜੋ ਅਸੀਂ ਆਪਣੇ ਦੋਸਤਾਂ ਮਿੱਤਰਾਂ ਨਾਲ ਖੁੱਲ਼ ਕੇ ਗੱਲਬਾਤ ਕਰ ਸਕਦੇ ਹਾਂ ਸ਼ਾਇਦ ਹੋਰ ਕਿਸੇ ਨਾਲ ਨਹੀ। ਕਈ ਨਵ ਵਿਆਹੀਆਂ ਦੇ ਕੰਤ ਬੜੇ ਚਲਾਕ ਚੁਸਤ ਹੁੰਦੇ ਹਨ, ਉਹ ਕੋਈ ਨਾ ਕੋਈ ਬਹਾਨਾ ਬਣਾ ਲੈਂਦੇ ਹਨ ਕਿ ਮਾਂ ਬੀਮਾਰ ਹੋ ਗਈ ਹੈ, ਬਾਪੂ ਦਾ ਤਿਲਕ ਕੇ ਪੈਰ ਦਾ ਮਾਸ ਪਾਟ ਗਿਆ ਹੈ,ਵਗੈਰਾ-ਵਗੈਰਾ। ਉਹ ਦੂਜੇ ਜਾਂ ਤੀਜੇ ਸਾਂਵੇਂ ਹੀ ਆਪਣੀ ਦੁਲਹਨ ਨੂੰ ਲੈ ਜਾਂਦੇ ਹਨ ਤੇ ਆਖ਼ਿਰ ਜਦ ਸਾਵਣ ਖਤਮ ਹੋ ਜਾਂਦਾ ਹੈ ਤਾਂ ਸਭ ਨੇ ਵਿਛੜਣਾ ਹੁੰਦਾ ਹੈ ਤਾਂ ਇਹ ਗੀਤ ਚੇਤੇ ਆਉਂਦਾ ਹੈ।

ਸਾਉਣ ਵੀਰ ਇੱਕਠੀਆਂ ਕਰੇ,
ਭਾਦੋਂ ਚੰਦਰੀ ਵਿਛੋੜੇ ਪਾਵੇ।

--()

ਤੀਆਂ ਤੀਜ਼ ਦੀਆਂ, ਵਰੇ ਦਿਨਾਂ ਨੂੰ ਫੇਰ।

ਇਹ ਧੀਆਂ ਧਿਆਣੀਆਂ ਦਿਲ ਤੇ ਪੱਥਰ ਰੱਖ ਕੇ ਅਗਲੇ ਸਾਉਣ ਫਿਰ ਮਿਲਣ ਦੀ ਆਸ ਨਾਲ ਇੱਕ ਦੂਜੀ ਕੋਲੋਂ ਵਾਅਦਾ ਲੈ ਕੇ ਅਣਮੰਨੇ ਮਨ ਨਾਲ ਵਿੱਛੜ ਜਾਂਦੀਆਂ ਹਨ।

**-ਧਰਮਿੰਦਰ ਸਿੰਘ (ਚੱਬਾ),**
**ਪਿੰਡ ਤੇ ਡਾਕ:ਚੱਬਾ, ਤਰਨਤਾਰਨ ਰੋਡ, ਅੰਮ੍ਰਿਤਸਰ**

### ਸ਼ਹੀਦ ਸਿੰਘਾ ਨੂੰ ਸਮਰਪਿਤ ਕਬੱਡੀ ਕੱਪ

# ਗੁਰਦੁਆਰਾ ਗੁਰੂ ਨਾਨਕ ਦਰਬਾਰ ਲਸਾਲ ਕੈਨੇਡਾ ਦੇ ਗਰਾਊਂਡ ਵਿੱਚ 3 ਅਗਸਤ ਨੂੰ ਹੋਣਗੇ



**ਨਵੀਂ ਦਿੱਲੀ, 15 ਜੁਲਾਈ (ਮਨਪ੍ਰੀਤ ਸਿੰਘ ਖਾਲਸਾ)**:- ਸ਼ਾਨੇ ਪੰਜਾਬ ਮੌਂਟਰੀਆਲ ਤੇ ਜੰਗ ਸਪੋਰਟਸ ਕਲੱਬ ਵਲੋ ਸਹੀਦ ਸਿੰਘਾ ਨੂੰ ਸਮਰਪਿਤ ਕਬੱਡੀ ਕੱਪ ਗੁਰਦੁਆਰਾ ਗੁਰੂ ਨਾਨਕ ਦਰਬਾਰ ਲਸਾਲ, ਮੌਂਟਰੀਆਲ, ਕੈਨੇਡਾ ਦੇ ਗਰਾਊਡ ਵਿੱਚ 3 ਅਗਸਤ ਦਿਨ ਐਤਵਾਰ ਨੂੰ ਸਵੇਰੇ 11 ਵਜੇ ਕਰਵਾਇਆ ਜਾ ਰਿਹਾ ਹੈ।ਇਸ ਪ੍ਰਤੀਯੋਗਿਤਾ ਵਿੱਚ ਕਬੱਡੀ ਦੇ 6 ਕਲੱਬਾ ਦੀਆਂ ਟੀਮਾਂ ਹਿੱਸਾ ਲੈ ਰਹੀਆ ਹਨ।ਜਿਨ੍ਹਾਂ ਵਿੱਚ ਪੰਜਾਬ, ਹਰਿਆਣਾ ਤੇ ਪਾਕਿਸਤਾਨ ਦੇ ਚੋਟੀ ਦੇ ਖਿਡਾਰੀ ਅਪਣੀ ਖੇਡ ਦੇ ਜੋਹਰ ਵਿਖਾਉਣਗੇ। ਇਸਦੇ ਬਾਰੇ ਜਾਣਕਾਰੀ ਦਿੰਦੇ ਹੋਏ ਪਰਮਿੰਦਰ ਸਿੰਘ ਪਾਗਲੀ ਤੇ ਨਰਿੰਦਰ ਸਿੰਘ ਮਿਨਹਾਸ ਨੇ ਦੱਸਿਆ ਕੀ ਟੂਰਨਾਮੈਂਟ ਦੇ ਸਾਰੇ ਪ੍ਰਬੰਧ ਮੁਕੰਮਲ ਹੋ ਚੁੱਕੇ ਹਨ ਤੇ ਪ੍ਰੋਗਰਾਮ ਕਰਵਾਉਣ ਵਿਚ ਸਹਿਯੋਗ ਕਰਣ ਵਾਲੀ ਸਾਰੀ ਟੀਮ ਜਿਸ ਵਿੱਚ ਬਲਰਾਜ ਸਿੰਘ ਢਿੱਲੋ, ਜਤਿੰਦਰ ਸਿੰਘ ਮੁਲਤਾਨੀ, ਸਰਬਜੀਤ ਸਿੰਘ ਮਿਨਹਾਸ, ਜਸਪਾਲ ਸਿੰਘ ਢਿੱਲੋ, ਦੀਪ ਜੰਡੂ, ਸੁਰਜੀਤ ਸਿੰਘ, ਚਰਨਜੀਤ ਸਿੰਘ ਅਤੇ ਹੋਰ ਵਲੰਟੀਅਰ ਵੀਰ ਪੂਰੀ ਤਨਦੇਹੀ ਨਾਲ ਸੇਵਾਵਾ ਨਿਭਾ ਰਹੇ ਹਨ, ਉਨ੍ਹਾਂ ਦਾ ਵਿਸੇਸ਼ ਤੋਰ ਤੇ ਧੰਨਵਾਦ ਕਰਦੇ ਹਾਂ।ਇਸਦੇ ਨਾਲ ਹੀ ਸਾਰੇ ਸਪਾਂਸਰ ਵੀਰਾ ਦਾ ਜਿਹਨਾ ਦੇ ਸਹਿਯੋਗ ਸਦਕਾ ਇਹ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ ਵਿਸ਼ੇਸ਼ ਤੌਰ ਤੇ ਧੰਨਵਾਦੀ ਹਾਂ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਜਸਵਿੰਦਰ ਸਿੰਘ ਨੇ ਖੇਡ ਪ੍ਰੇਮੀਆਂ ਨੂੰ ਬੇਨਤੀ ਕੀਤੀ ਕੀ ਟੂਰਨਾਮੈਂਟ ਤੇ ਕਿਸੇ ਵੀ ਤਰਾ ਦਾ ਨਸ਼ਾ ਕਰਕੇ ਆਉਣ ਦੀ ਮਨਾਹੀ ਹੈ ਸਕਿਓਰਟੀ ਦਾ ਖਾਸ ਪ੍ਰਬੰਧ ਹੈ ਤੇ ਨਸ਼ਾ ਕਰਣ ਜਾ ਕਿਸੇ ਵੀ ਤਰ੍ਹਾਂ ਦੀ ਹੁੱਲੜਬਾਜ਼ੀ ਕਰਣ ਵਾਲਿਆ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇਗੀ।ਅੰਤ ਵਿਚ ਉਨ੍ਹਾਂ ਨੇ ਸਮੂੰਹ ਖੇਡ ਪਰੇਮੀਆ ਨੂੰ ਇਸ ਟੂਰਨਾਮੈਂਟ ਵਿਚ ਵੱਧ ਚੜ ਕੇ ਆਉਣ ਦੀ ਬੇਨਤੀ ਕੀਤੀ।

ਆਵਾਜ਼ਿ ਕੌਮ AWAZE QAUM International Newspaper & WEB TV

### “ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨੂੰ ਕਿਸੇ ਵੀ

# ਵਿਸ਼ੇਸ਼ ਮੂਰਤੀ ਨਾਲ ਜੋੜਨਾ - ਸਿੱਖ ਰੂਹਾਨੀਅਤ ਦੀ ਤੋਹੀਨ

**ਲੰਡਨ, 15 ਜੁਲਾਈ (ਸਰਬਜੀਤ ਸਿੰਘ ਬਨੂੜ)** - ਪੰਜਾਬ ਦੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਵਿਧਾਨ ਸਭਾ ਵਿੱਚ ਪੇਸ਼ ਕੀਤੇ ਗਏ ਬੇਅਦਬੀ ਰੋਕੂ ਬਿੱਲ ’ਤੇ ਯੂਰਪ ਅਤੇ ਇੰਗਲੈਂਡ ਦੀਆਂ ਸਿੱਖ ਜਥੇਬੰਦੀਆਂ ਵੱਲੋਂ ਗੰਭੀਰ ਚਿੰਤਾ ਅਤੇ ਵਿਰੋਧ ਜਤਾਇਆ ਗਿਆ ਹੈ।ਇਨ੍ਹਾਂ ਜਥੇਬੰਦੀਆਂ ਨੇ ਆਪਣੇ ਸਾਂਝੇ ਬਿਆਨ ਵਿੱਚ ਸਪਸ਼ਟ ਕੀਤਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਸਿੱਖ ਧਰਮ ਦੇ ਜਾਗਤ ਜੋਤ ਗੁਰੂ ਹਨ। ਉਨ੍ਹਾਂ ਦੀ ਬੇਅਦਬੀ ਸਿੱਖੀ ਦੀ ਰੂਹ ਤੇ ਹਮਲਾ ਹੈ। ਇਹ ਨਾ ਕਿਸੇ ਕਾਨੂੰਨੀ ਧਾਰਾ ਨਾਲ ਜੋੜੀ ਜਾ ਸਕਦੀ ਹੈ, ਨਾ ਕਿਸੇ ਲੋਕ ਪਸੰਦ ਵਿਅਕਤੀ ਦੇ ਸਨਮਾਨ ਨਾਲ।” ਅਜਿਹੀ ਜੁਰਅਤ ਲਈ ਸਜ਼ਾ ਮੌਤ ਤੋਂ ਘੱਟ ਨਹੀਂ ਹੋ ਸਕਦੀ। ਇਸ ਤਰ੍ਹਾਂ ਦੀ ਬੇਅਦਬੀ ਨੂੰ ਕਿਸੇ ਵਿਅਕਤੀ ਦੀ ਮੂਰਤੀ ਜਾਂ ਸੰਵਿਧਾਨਕ ਨਿਸ਼ਾਨੀ ਨਾਲ ਤੁਲਨਾ ਕਰਨਾ ਸਿੱਖ ਰੂਹਾਨੀਅਤ ਅਤੇ ਅਸਥਾ ਦੀ ਸਖ਼ਤ ਤੌਰ ’ਤੇ ਅਣਗੱਲਤੀ ਹੈ।” ਜਥੇਬੰਦੀਆਂ ਨੇ ਸਪੱਸ਼ਟ ਕਿਹਾ ਹੈ ਕਿ ਭਾਵੇਂ ਕਈ ਲੋਕ ਵਿਅਕਤੀਆਂ ਦੀਆਂ ਮੂਰਤੀਆਂ ਨੂੰ ਧਾਰਮਿਕ ਪਵਿੱਤਰਤਾ ਦੇ ਨਜ਼ਰੀਏ ਨਾਲ ਵੇਖਦੇ ਹੋਣ, ਪਰ ਉਹ ਕਿਸੇ ਰੱਬੀ ਗੁਰੂ ਜਾਂ ਅਕਾਲ ਪੁਰਖ ਦੀ ਰੂਹਾਨੀ ਮੌਜੂਦਗੀ ਵਾਲੇ ਅਸਥਾਨ ਨਹੀਂ ਹੁੰਦੇ। ਪੰਜਾਬ ਵਿੱਚ ਬਹੁਤਾਤ ਲੋਕ “ਡਾ. ਅੰਬੇਡਕਰ ਸਹਿਬ ਦੇ ਭਾਰਤ ਵਿੱਚ ਸਮਾਜਿਕ ਨਿਆਂ ਲਈ ਕੀਤੇ ਯੋਗਦਾਨ ਦੀ ਇੱਜ਼ਤ ਕਰਦੇ ਹਨ, ਪਰ ਇਹ ਵੀ ਸੱਚ ਹੈ ਕਿ “ਭਾਰਤੀ ਸੰਵਿਧਾਨ ਦੀ ਧਾਰਾ 25(2)(✲) ਅਨੁਸਾਰ, ਸਿੱਖਾਂ ਨੂੰ ਕਾਨੂੰਨੀ ਤੌਰ ‘ਤੇ ਹਿੰਦੂ ਧਰਮ ਦੀ ਇੱਕ ਸ਼ਾਖਾ ਵਜੋਂ ਦਰਸਾਇਆ ਗਿਆ ਹੈ ਜੋ ਸਿੱਖ ਕੌਮ ਦੀ ਅਜ਼ਾਦ ਧਾਰਮਿਕ ਪਹਿਚਾਨ ਉੱਤੇ ਖੁੱਲ੍ਹਾ ਹਮਲਾ ਸੀ। ਇਸ ਸੰਧਰਭ ਵਿੱਚ ਡਾ. ਅੰਬੇਡਕਰ ਦੀ ਮੂਰਤੀ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨੂੰ ਇੱਕੋ ਕਾਨੂੰਨੀ ਮਿਆਰ ਹੇਠ ਲਿਆਉਣਾ ਸਰਵਥਾ ਅਣਸੰਵਿਧਾਨਕ ਅਤੇ ਅਪਵਿੱਤਰ ਨਜ਼ਰੀਆ ਹੈ।” ਜਥੇਬੰਦੀਆਂ ਨੇ ਇਸ਼ਾਰਾ ਕੀਤਾ ਕਿ ਇਹ ਬਿੱਲ ਪਿਛਲੇ ਕਈ ਸਾਲਾਂ ਵਿੱਚ ਹੋਈਆਂ ਸਰਕਾਰੀ ਜਾਂ ਏਜੰਸੀ-ਪ੍ਰੇਰਿਤ ਬੇਅਦਬੀ ਦੀਆਂ ਘਟਨਾਵਾਂ ਤੋਂ ਧਿਆਨ ਹਟਾਉਣ ਅਤੇ ਵੋਟ ਬੈਂਕ ਹਮਦਰਦੀ ਬਣਾਉਣ ਦੀ ਰਾਜਨੀਤਿਕ ਕੋਸ਼ਿਸ਼ ਹੈ।

> “ਸਿੱਖਾਂ ਦੀ ਰੂਹਾਨੀ ਅਸਥਾ ਨੂੰ ਰਾਜਨੀਤਿਕ ਹਮਦਰਦੀ ਬਣਾਕੇ ਵੋਟਾਂ ਦੀ ਝੋਲੀ ਭਰਨ ਦੀ ਕੋਸ਼ਿਸ਼, ਇਹ ਘਿਨਾਉਣੀ ਰਣਨੀਤਕ ਚਾਲ ਕਦਾਈਂ ਕਬੂਲ ਨਹੀਂ।” - ਵਿਦੇਸ਼ੀ ਸਿੱਖ

ਵਿਦੇਸ਼ੀ ਸਿੱਖ ਜਥੇਬੰਦੀਆਂ ਵੱਲੋਂ ਪੰਜਾਬ ਦੀਆਂ ਧਾਰਮਿਕ ਸੰਸਥਾਵਾਂ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸਮੂਹ ਪੰਥਕ ਜਥੇਬੰਦੀਆਂ ਨੂੰ ਅਪੀਲ ਕੀਤੀ ਗਈ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਦੀ ਰਾਖੀ ਲਈ ਸਪਸ਼ਟ ਪੰਥਕ ਲਾਈਨ ਤੈਅ ਕੀਤੀ ਜਾਵੇ, ਧਾਰਮਿਕ ਅਤੇ ਲੋਕ ਪ੍ਰਤੀਕਾਂ ਦੀ ਤੁਲਨਾ ਕਰਨ ਵਾਲੀ ਰਾਜਨੀਤਿਕ ਖੇਡ ਨੂੰ ਨੰਗਾ ਕੀਤਾ ਜਾਵੇ ਜਿਨ੍ਹਾਂ ਬੇਅਦਬੀ ਘਟਨਾਵਾਂ ਦੇ ਪਿੱਛੇ ਰਾਜ ਅਤੇ ਏਜੰਸੀਆਂ ਹੋਣ ਦੇ ਸਬੂਤ ਹਨ, ਉਨ੍ਹਾਂ ਨੂੰ ਸਿੱਧਾ ਨਿਸ਼ਾਨਾ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ “ਸਿੱਖ ਰੂਹਾਨੀ ਅਸਥਾਵਾਂ ਨਾਲ ਖੇਡਣ ਦੀ ਕੋਸ਼ਿਸ਼ ਨਾ ਕਰੀ ਜਾਵੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਸਿੱਖ ਕੌਮ ਲਈ ਸਦਾ ਤੋਂ ਇਤਿਹਾਸਕ ਜੰਗ ਦਾ ਮਾਮਲਾ ਰਹੀ ਹੈ, ਅਤੇ ਰਹੇਗੀ। ਪੰਥ ਦੀ ਇੱਜ਼ਤ, ਗੁਰੂ ਦੀ ਮਹਾਨਤਾ, ਅਤੇ ਅਸਲੀ ਦੋਸ਼ੀਆਂ ਦੀ ਸਜ਼ਾ ਇਹ ਕੋਈ ਚੋਣੀ ਬਿੱਲ ਜਾਂ ਸਰਕਾਰੀ ਰਣਨੀਤੀ ਨਹੀਂ,ਇਹ ਸਿੱਖ ਆਤਮਾ ਦੀ ਅਣਮਿੱਟ ਲਕ ੀਰ ਹੈ। ਵਿਦੇਸ਼ੀ ਸਿੱਖਾਂ ਨੇ ਕਿਹਾ ਕਿ “ਸਿੱਖਾਂ ਦੀ ਰੂਹਾਨੀ ਅਸਥਾ ਨੂੰ ਰਾਜਨੀਤਿਕ ਹਮਦਰਦੀ ਬਣਾਕੇ ਵੋਟਾਂ ਦੀ ਝੋਲੀ ਭਰਨ ਦੀ ਕੋਸ਼ਿਸ਼ ਇਹ ਘਿਨਾਉਣੀ ਰਣਨੀਤਕ ਚਾਲ ਪੰਜਾਬ ਵਿੱਚ ਕਦਾਈਂ ਕਬੂਲ ਨਹੀਂ ਹੋਵੇਗੀ।” ਜਿਸ ਦਾ ਹਰਜਾਨਾ ਆਉਣ ਵਾਲੀਆਂ ਵਿਧਾਨ ਸਭਾ ਚੋਣਾ ਵਿੱਚ ਭਗਵੰਤ ਮਾਨ ਸਰਕਾਰ ਨੂੰ ਭੁਗਤਣਾ ਪਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

# ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਪਿੰਡ ਪੇਧਨੀ ਇਕਾਈ ਦੀ ਚੋਣ ਕੀਤੀ ਗਈ



**ਧੂਰੀ ( ਰਣਜੀਤ ਸਿੰਘ ਪੇਧਨੀ )**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਧੂਰੀ ਦੇ ਪਿੰਡ ਪੇਧਨੀ ਕਲਾਂ ਦੀ ਚੋਣ ਜਨਰਲ ਸਕੱਤਰ ਹਰਪਾਲ ਸਿੰਘ ਪੇਧਨੀ, ਹਰਬੰਸ ਸਿੰਘ ਲੱਡਾ, ਕਰਮਜੀਤ ਸਿੰਘ ਬੇਨੜਾ ਅਤੇ ਰਾਮ ਸਿੰਘ ਕੱਕੜਵਾਲ ਦੀ ਅਗਵਾਈ ਹੇਠ ਕੀਤੀ ਗਈ। ਜਿਸ ਵਿੱਚ ਪ੍ਰਧਾਨ ਤੇਜਾ ਸਿੰਘ, ਮੱਖਣ ਸਿੰਘ, ਦਰਸਨ ਸਿੰਘ ਸੰਧੂ , ਜਰਨਲ ਸਕੱਤਰ ਮਨਜੀਤ ਸਿੰਘ, ਮਤਵਾਲ ਸਿੰਘ , ਬਲਵਿੰਦਰ ਸਿੰਘ ਕਾਕਾ, ਮੀਤ ਪ੍ਰਧਾਨ, ਅਜੀਤਪਾਲ ਸਿੰਘ ਸੀਨੀਅਰ ਮੀਤ ਪ੍ਰਧਾਨ , ਸਤਿਨਾਮ ਸਿੰਘ ਖਜਾਨਚੀ, ਸਹਾਇਕ ਰਜਿੰਦਰ ਸਿੰਘ, ਪ੍ਰਚਾਰਕ ਸਕੱਤਰ ਸੁਖਵਿੰਦਰ ਸਿੰਘ, ਗੁਰਦੀਪ ਸਿੰਘ , ਪ੍ਰੈਸ ਸਕੱਤਰ ਗੁਰਪ੍ਰੀਤ ਸਿੰਘ , ਸੰਗਠਨ ਸਕੱਤਰ ਗੁਰਮਿਲਾਪ ਸਿੰਘ, ਨਿਰਮਲ ਸਿੰਘ, ਸਲਾਹਕਾਰ ਰੂਪ ਸਿੰਘ, ਗੁਰਜੰਟ ਸਿੰਘ, ਕਮੇਟੀ ਮੈਂਬਰ ਕੁਲਵਿੰਦਰ ਕੌਰ, ਸੁਰਜੀਤ ਕੌਰ, ਨਿੰਦਰ ਕੌਰ ,ਗੁਰਮੇਲ ਕੌਰ, ਰਣਜੀਤ ਕੌਰ, ਅਮਰਜੀਤ ਕੌਰ ਆਦਿ ਕਮੇਟੀ ਮੈਂਬਰ ਚੁਣੇ ਗਏ।

ਆਵਾਜ਼ਿ ਕੌਮ AWAZE QAUM International Newspaper & WEB TV

# ਮਿਲਾਵਟ ਖ਼ਿਲਾਫ਼ ਐਸ ਡੀ ਐੱਮ ਪ੍ਰਮੋਦ ਸਿੰਗਲਾ ਨੇ ਦਿੱਤੀਆਂ ਸਖ਼ਤ ਹਦਾਇਤਾਂ

### ਅਧਿਕਾਰੀਆਂ ਨੂੰ ਪਿੰਡਾਂ ਸ਼ਹਿਰਾਂ ’ਚ ਖਾਣ ਪੀਣ ਦੀਆਂ ਦੁਕਾਨਾਂ ਦੀ ਚੈਕਿੰਗ ਕਰਨ ਦੇ ਨਿਰਦੇਸ਼





**ਸੁਨਾਮ ( ਰਣਜੀਤ ਸਿੰਘ ਪੇਧਨੀ )**-ਮੀਂਹ ਦੇ ਮੌਸਮ ਵਿੱਚ ਹੋਣ ਵਾਲੀਆਂ ਬਿਮਾਰੀਆਂ ਨੂੰ ਧਿਆਨ ਵਿੱਚ ਰੱਖਦਿਆਂ ਐਸ.ਡੀ.ਐੱਮ. ਸੁਨਾਮ ਸ਼੍ਰੀ ਪ੍ਰਮੋਦ ਸਿੰਗਲਾ ਨੇ ਖਾਣ-ਪੀਣ ਦੀਆਂ ਵਸਤੂਆਂ ਦੀ ਗੁਣਵੱਤਾ ਸਬੰਧੀ ਸਖ਼ਤ ਰੁਖ ਅਖਤਿਆਰ ਕੀਤਾ ਹੈ। ਇੱਥੇ ਇੱਕ ਸਿਹਤ ਵਿਭਾਗ ਦੇ ਅਧਿਕਾਰੀਆਂ ਅਤੇ ਹੋਰ ਪ੍ਰਸ਼ਾਸ਼ਿਨਕ ਅਧਿਕਾਰੀਆਂ ਨਾਲ ਸੰਯੁਕਤ ਮੀਟਿੰਗ ਦੌਰਾਨ ਉਨ੍ਹਾਂ ਨੇ ਦੁੱਧ ਉਤਪਾਦਕਾਂ ਨੂੰ ਕਿਹਾ ਕਿ ਦੁੱਧ ਵਿੱਚ ਕਿਸੇ ਵੀ ਕਿਸਮ ਦੀ ਮਿਲਾਵਟ ਨਾ ਹੋਵੇ, ਕਿਉਂਕਿ ਇਹ ਸਿੱਧਾ ਲੋਕਾਂ ਦੀ ਸਿਹਤ ਨਾਲ ਜੁੜਿਆ ਮਾਮਲਾ ਹੈ। ਉਨ੍ਹਾਂ ਮਿਠਾਈ ਦੀਆਂ ਦੁਕਾਨਾਂ ਨੂੰ ਤਾਜ਼ੀ ਅਤੇ ਸਾਫ਼ ਸੁਥਰੀ ਮਿਠਾਈ ਵੇਚਣ ਦੀ ਹਦਾਇਤ ਕੀਤੀ। ਉਨ੍ਹਾਂ ਕਿਹਾ ਕਿ ਮਿਠਾਈਆਂ ਚ ਸਾਫ਼ ਸੁਥਰੀ ਅਤੇ ਮਿਆਦ ਦੀ ਪਾਲਣਾ ਜ਼ਰੂਰੀ ਹੈ, ਨਹੀਂ ਤਾਂ ਸਖ਼ਤ ਕਾਰਵਾਈ ਹੋਵੇਗੀ। ਐਸਡੀਐੱਮ ਨੇ ਸਿਹਤ, ਫੂਡ ਸੇਫਟੀ ਅਤੇ ਹੋਰ ਅਧਿਕਾਰੀਆਂ ਨੂੰ ਪਿੰਡਾਂ ਅਤੇ ਸ਼ਹਿਰੀ ਇਲਾਕਿਆਂ ਵਿੱਚ ਨਿਯਮਤ ਚੈਕਿੰਗ ਕਰਨ ਲਈ ਕਿਹਾ, ਤਾਂ ਜੋ ਮਾਰਕੀਟ ’ਚ ਵਿਕ ਰਹੀਆਂ ਖਾਣ-ਪੀਣ ਵਾਲੀਆਂ ਵਸਤੂਆਂ ਦੀ ਪੂਰੀ ਜਾਂਚ ਹੋ ਸਕੇ। ਉਨ੍ਹਾਂ ਕਿਹਾ ਕਿ ਮਿਲਾਵਟੀ ਅਤੇ ਮਿਆਦ ਪੁੱਗੀਆਂ ਖਾਧ ਵਸਤੂਆਂ ਨਾਲ ਲੋਕਾਂ ਦੀ ਜਾਨ ਖਤਰੇ ’ਚ ਪੈ ਸਕਦੀ ਹੈ, ਜਿਸਨੂੰ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਮੀਟਿੰਗ ਮੌਕੇ ਡੀ ਐਸ ਪੀ ਸੁਨਾਮ ਸ੍ਰ ਹਰਵਿੰਦਰ ਸਿੰਘ ਖਹਿਰਾ ਸਮੇਤ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਕਿਲਾਂ ਹਕੀਮਾਂ ਵਿਖੇ ਬਰਸਾਤ ਦੇ ਸੀਜ਼ਨ ਨੂੰ ਮੁੱਖ ਰਖਦੇ ਹੋਏ ਪੀਣ ਵਾਲੇ ਪਾਣੀ ਦੀ ਕਲੋਰੀਨੇਸ਼ਨ ਕੀਤੀ ਗਈ



**ਧੂਰੀ ( ਰਣਜੀਤ ਸਿੰਘ ਪੇਧਨੀ )**-ਸਿਵਲ ਸਰਜਨ ਡਾਕਟਰ ਸੰਜੇ ਕਾਮਰਾ ਜੀ ਦੇ ਦਿਸ਼ਾ ਨਿਰਦੇਸ਼ਾ ਅਤੇ ਜਿਲਾਂ ਐਪੀਡੀਮੋਲੋਜਿਸਟ ਡਾਕਟਰ ਉਪਾਸਨਾ ਬਿੰਦਰਾਂ ਅਤੇ ਐਸ ਐਮ ਓ ਡਾਕਟਰ ਸੁਦੀਪ ਸਿੱਧੂ ਜੀ ਦੀ ਯੋਗ ਅਗਵਾਈ ਅਤੇ ਅਸ਼ੋਕ ਕੁਮਾਰ ਐਸ ਆਈ ਦੀ ਸੁਪਰਵੀਜਨ ਵਿੱਚ ਹੈੱਲਥ ਵੈਲਨੈਸ਼ ਸੈਂਟਰ ਕਿਲਾਂ ਹਕੀਮਾਂ ਵਿਖੇ ਬਰਸਾਤ ਦੇ ਸੀਜ਼ਨ ਨੂੰ ਮੁੱਖ ਰਖਦੇ ਹੋਏ ਪੀਣ ਵਾਲੇ ਪਾਣੀ ਦੀ ਕਲੋਰੀਨੇਸਨ ਕੀਤੀ ਗਈ ਤਾਂ ਕੇ ਸੰਸਥਾ ਵਿੱਚ ਆਉਣ ਵਾਲੇ ਮਰੀਜਾਂ ਨੂੰ ਸਾਫ਼ ਪਾਣੀ ਪੀ ਸਕਣ ਅਤੇ ਬਰਸਾਤ ਦੇ ਸੀਜ਼ਨ ਵਿੱਚ ਪੀਲੀਆਂ, ਟਾਈਫਾਈਡ, ਟੱਟੀਆਂ,ਉਲਟੀਆਂ ਤੋਂ ਬਚਾਇਆ ਜਾ ਸਕੇ। ਟੀਮ ਮੈਂਬਰ ਗੁਰਵਿੰਦਰ ਸਿੰਘ ਮ,ਪ,ਹ,ਵ(ਮ),ਲਖਵੀਰ ਕੌਰ ਸੀ ਐਚ ਓ,ਕੁਲਦੀਪ ਕੌਰ,ਕੁਲਵਿੰਦਰ ਕੌਰ ਆਸ਼ਾ ਵਰਕਰ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਅਕਾਲੀ ਆਗੂ ਕਰਨੈਲ ਸਿੰਘ ਪੀਰਮੁਹੰਮਦ ਦਾ ਮੈਲਬੋਰਨ ਦੇ

# ਵੱਖ-ਵੱਖ ਗੁਰੂ ਘਰਾਂ ਵਿੱਚ ਹੋਇਆ ਸਨਮਾਨ

## ਸ਼੍ਰੋਮਣੀ ਅਕਾਲੀ ਦਲ ਦੀ ਆਨ ਲਾਈਨ ਭਰਤੀ ਪ੍ਰਤੀ ਸੰਗਤਾ ਨੂੰ ਜਾਗਰੂਕ ਕੀਤਾ














**ਮੈਲਬੋਰਨ (ਆਸਟ੍ਰੇਲੀਆ), 15 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਭਾਈ ਕਰਨੈਲ ਸਿੰਘ ਪੀਰਮੁਹੰਮਦ ਸਾਬਕਾ ਜਰਨਲ ਸਕੱਤਰ ਅਤੇ ਬੁਲਾਰੇ ਸ੍ਰੋਮਣੀ ਅਕਾਲੀ ਦਲ ਜੋ ਕਿ ਮੈਲਬੋਰਨ ਅਸਟ੍ਰੇਲੀਆ ਵਿਖੇ ਆਏ ਹੋਏ ਹਨ ਉਹਨਾਂ ਦਾ ਸਿੱਖ ਭਾਈਚਾਰੇ ਅਤੇ ਪੰਜਾਬੀਆਂ ਵੱਲੋ ਨਿੱਘਾ ਸਵਾਗਤ ਹੋ ਰਿਹਾ ਹੈ ।ਸ੍ਰ ਕਰਨੈਲ ਸਿੰਘ ਪੀਰਮੁਹੰਮਦ ਗੁਰਦੁਆਰਾ ਬਾਬਾ ਦੀਪ ਸਿੰਘ ਡੌਨੀਬਰੌਕ ਵਿਖੇ ਪਹੁੰਚੇ ਜਿਥੇ ਉਹਨਾਂ ਦਾ ਵਿਸੇਸ਼ ਸਨਮਾਨ ਕੀਤਾ ਗਿਆ ।ਦਮਦਮੀ ਟਕਸਾਲ ਦੇ ਮੁੱਖ ਸੇਵਾਦਾਰ ਭਾਈ ਅਮਰੀਕ ਸਿੰਘ ਛੈਪਟਨ ਅਤੇ ਭਾਈ ਸਮਸੇਰ ਸਿੰਘ ਨੇ ਮੀਡੀਆ ਨੂੰ ਜਾਣਕਾਰੀ ਦਿੰਦਿਆ ਦੱਸਿਆ ਕਿ ਸ੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸ੍ਰ ਕਰਨੈਲ ਸਿੰਘ ਪੀਰਮੁਹੰਮਦ ਨੇ ਹਮੇਸ਼ਾ ਪੰਥ ਪ੍ਰਸਤੀ ਤਹਿਤ ਸਿੱਖ ਕੌਮ ਵਿੱਚ ਅਹਿਮ ਸੇਵਾਵਾਂ ਦਿੱਤੀਆ ਹਨ ਬੀਤੇ ਸਮੇ ਦੌਰਾਨ ਸ੍ ਕਰਨੈਲ ਸਿੰਘ ਪੀਰਮੁਹੰਮਦ ਨੇ ਸ੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਤੋ ਆਪਣੇ ਆਪ ਨੂੰ ਅਲੱਗ ਕਰਦਿਆ ਜਰਨਲ ਸਕੱਤਰ ਅਤੇ ਬੁਲਾਰੇ ਦੇ ਅਹੁਦੇ ਤੋ ਅਸਤੀਫਾ ਦੇਕੇ ਪੰਥਪ੍ਰਸਤ ਹੋਣ ਦਾ ਸਬੂਤ ਦਿੱਤਾ। ਉਹਨਾਂ ਕਿਹਾ ਕਿ ਅਸਟ੍ਰੇਲੀਆ ਦੀ ਧਰਤੀ ਤੇ ਸ੍ ਕਰਨੈਲ ਸਿੰਘ ਪੀਰਮੁਹੰਮਦ ਗੁਰਦੁਆਰਾ ਬਾਬਾ ਬਿਧੀ ਚੰਦ ਛੀਨਾ ਖਾਲਸਾ ਛਾਉਣੀ ਪੈਲਪਟਨ, ਕਲਗੀਧਰ ਗੁਰਮਿਤ ਵਿਦਿਆਲਾ ਵਾਲਨ ਅਤੇ ਗੁਰਦੁਆਰਾ ਸ੍ਰੀ ਗੁਰੂ ਸਭਾ ਕਰੇਗੀਬਨ ਵਿਖੇ ਵੀ ਸੰਗਤਾ ਨੂੰ ਸੰਬੋਧਨ ਕੀਤਾ । ਭਾਈ ਗੁਰਦਰਸ਼ਨ ਸਿੰਘ ਨੇ ਗੁਰੂ ਘਰ ਵੱਲੋ ਭਾਈ ਕਰਨੈਲ ਸਿੰਘ ਪੀਰਮੁਹੰਮਦ ਦਾ ਵਿਸੇਸ ਸਨਮਾਨ ਸਿਰਪਾਓ ਤੇ ਸਨਮਾਨ ਚਿੰਨ੍ਹ ਦੇਕੇ ਕੀਤਾ ।ਇਸੇ ਤਰਾ ਸ੍ਰੀ ਗੁਰੂ ਸਿੰਘ ਸਭਾ ਕਰੇਗੀਬਰਨ ਵਿਖੇ ਵੀ ਸੰਗਤਾ ਨੂੰ ਸਬੋਧਨ ਕਰਦਿਆ ਸ੍ਰ ਕਰਨੈਲ ਸਿੰਘ ਪੀਰਮੁਹੰਮਦ ਨੇ ਪੰਥਕ ਏਕਤਾ ਤੇ ਜੋਰ ਦਿੰਦਿਆ ਕਿਹਾ ਕਿ ਪੂਰੇ ਵਿਸ਼ਵ ਅੰਦਰ ਸਿੱਖ ਕੌਮ ਹਰ ਖੇਤਰ ਵਿੱਚ ਤਰੱਕੀ ਕਰ ਰਹੀ ਹੈ ਪਰ ਸਾਨੂੰ ਆਪਸੀ ਇਕਜੁੱਟਤਾ ਬਣਾਈ ਰੱਖਣ ਲਈ ਪ੍ਰਸਪਰ ਪਿਆਰ ਦੀ ਭਾਵਨਾ ਪੈਦਾ ਕਰਨੀ ਚਾਹੀਦੀ ਹੈ ।ਇਸੇ ਮੌਕੇ ਤੇ ਸਿੱਖ ਚਿੰਤਕ ਸ੍ ਗੁਰਬਖਸ ਸਿੰਘ ਬੈਸ , ਸ੍ ਜਸਵਿੰਦਰ ਸਿੰਘ ਮਲੋਆ , ਸ੍ ਅਮਨਦੀਪ ਸਿੰਘ, ਸ੍ ਉਪਿੰਦਰ ਸਿੰਘ ਸੇਖੋ ਸਮੇਤ ਪ੍ਰਮੁੱਖ ਸਖਸੀਅਤਾ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ

# ਪਿੰਡ ਬੇਨੜਾ ਇਕਾਈ ਦੀ ਚੋਣ ਕੀਤੀ ਗਈ



**ਧੂਰੀ ( ਰਣਜੀਤ ਸਿੰਘ ਪੇਧਨੀ )**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਧੂਰੀ ਦੇ ਪਿੰਡ ਬੇਨੜਾ ਦੀ ਚੋਣ ਜਨਰਲ ਸਕੱਤਰ ਹਰਪਾਲ ਸਿੰਘ ਪੇਧਨੀ, ਹਰਬੰਸ ਸਿੰਘ ਲੱਡਾ, ਕਰਮਜੀਤ ਸਿੰਘ ਬੇਨੜਾ ਅਤੇ ਰਾਮ ਸਿੰਘ ਕੱਕੜਵਾਲ ਦੀ ਅਗਵਾਈ ਹੇਠ ਕੀਤੀ ਗਈ। ਜਿਸ ਵਿੱਚ ਪ੍ਰਧਾਨ ਸਿੰਗਾਰਾ ਸਿੰਘ, ਜਰਨਲ ਸਕੱਤਰ ਨਾਇਬ ਸਿੰਘ, ਜੋਰਾ ਸਿੰਘ ਮੀਤ ਪ੍ਰਧਾਨ, ਕਰਨੈਲ ਸਿੰਘ ਸੀਨੀਅਰ ਮੀਤ ਪ੍ਰਧਾਨ ,ਰਣ ਸਿੰਘ, ਗੁਰਮੇਲ ਸਿੰਘ ਦੋਵੇਂ ਖਜਾਨਚੀ, ਪ੍ਰਚਾਰਕ ਸਕੱਤਰ ਸੇਰ ਸਿੰਘ, ਕਾਕਾ ਢਿੱਲੋਂ, ਪ੍ਰੈਸ ਸਕੱਤਰ ਰਾਮਆਸਰਾ ਸਿੰਘ , ਸੰਗਠਨ ਸਕੱਤਰ ਕੁਲਦੀਪ ਸਿੰਘ, ਸਲਾਹਕਾਰ ਬਿੱਕਰ ਸਿੰਘ, ਗੁਰਤੇਜ ਸਿੰਘ, ਕਮੇਟੀ ਮੈਂਬਰ ਨਾਜਰ ਸਿੰਘ, ਬਲਬੀਰ ਸਿੰਘ,ਮਹਿੰਦਰ ਸਿੰਘ, ਸੁਖਦੇਵ ਸਿੰਘ, ਨਾਜਰ ਸਿੰਘ,ਦੀਵਾਨ ਸਿੰਘ, ਮੇਜਰ ਸਿੰਘ,ਅਮਰਜੀਤ ਸਿੰਘ, ਮੇਜਰ ਸਿੰਘ ਹਾਕਮ ਸਿੰਘ ਆਦਿ ਕਮੇਟੀ ਮੈਂਬਰ ਚੁਣੇ ਗਏ।

ਅੰਮ੍ਰਿਤਸਰ ਦਬੁਰਜੀ ਪੁਲ ਤੇ ਮੋਟਰਸਾਈਕਲ ਤੇ ਇੱਕ ਪਰਿਵਾਰ ਦੇ ਚਾਰ ਜੀਆਂ ਦਾ ਭਿਆਨਕ ਐਕਸੀਡੈਂਟ

# ਸਮਾਜ ਸੇਵੀ ਸੋਨੂੰ ਜੰਡਿਆਲਾ ਨੇ ਪਰਿਵਾਰ ਨੂੰ ਪਹੁੰਚਾਇਆ ਹਸਪਤਾਲ ਬਚਾਈ ਜਾਨ

ਜੰਡਿਆਲਾ ਗੁਰੂ 15 ਜੁਲਾਈ ( ਕੁਲਵੰਤ ਸਿੰਘ ਵਿਰਦੀ ) ਅੰਮ੍ਰਿਤਸਰ ਹਾਈਵੇ ਤੇ ਦਬੁਰਜੀ ਪੁੱਲ ਉੱਪਰ ਇੱਕ ਬਾਈਕ ਸਵਾਰ ਪਰਿਵਾਰ ਦਾ ਬੜਾ ਭਿਆਨਕ ਐਕਸੀਡੈਂਟ ਹੋਇਆ ਮੋਟਰਸਾਈਕਲ ਤੇ ਪਰਿਵਾਰ ਦੇ ਚਾਰ ਲੋਕ ਸਵਾਰ ਸੀ ਦੋ ਛੋਟੇ ਛੋਟੇ ਬੱਚੇ ਤੇ ਉਹਨਾਂ ਦੇ ਮਾਤਾ ਪਿਤਾ ਮੋਟਰਸਾਈਕਲ ਤਾਂ ਕਿਸੇ ਚੀਜ਼ ਨਾਲ ਟਕਰਾਉਣ ਕਰਕੇ ਬੈਲੰਸ ਵਿਗੜ ਗਿਆ ਬਲਜੀਤ ਸਿੰਘ ਪਤਨੀ ਮਨਦੀਪ ਕੌਰ ਲੜਕੀ ਦਾ ਨਾਮ ਭਰੀ ਤੇ ਪਰਿਵਾਰ ਦੇ ਕਾਫੀ ਗੰਭੀਰ ਸੱਟਾਂ ਲੱਗ ਗਈਆਂ ਛੋਟੀ ਬੱਚੀ ਦੇ ਗੱਲ ਤੇ ਬਹੁਤ ਗੰਭੀਰ ਸੱਟ ਲੱਗੀ ਤੇ ਉਸਦੀ ਮਾਂ ਦੇ ਹੱਥ ਤੇ ਪਿਤਾ ਦੇ ਹੱਥ ਤੇ ਦੂਜੇ ਬੱਚੇ ਦੇ ਮਾਮੂਲੀ ਸੱਟਾਂ ਲੱਗੀਆਂ ਹਾਸੇ ਵਾਲੀ ਥਾਂ ਦਬੁਰਜੀ ਪੁੱਲ ਤੇ ਜਿਸ ਜਗ੍ਹਾ ਤੇ ਇਹ ਹਾਸਾ ਹੋਇਆ ਉਥੋਂ ਕਈ ਲੋਕ ਆ ਜਾ ਰਹੇ ਸੀ ਪਰ ਕਿਸੇ ਨੇ ਵੀ ਇਹਨਾਂ ਦੀ ਪਰਿਵਾਰ ਦੀ ਮਦਦ ਨਹੀਂ ਕੀਤੀ ਕਈ ਲੋਕ ਆਲੇ ਦੁਆਲੇ ਖੜੇ ਹੋ ਕੇ ਇਸ ਦਾ ਤਮਾਸ਼ਾ ਵੇਖ ਰਹੇ ਸੀ ਤੇ ਮੌਕੇ ਤੇ ਪਹੁੰਚੇ ਸਮਾਜ ਸੇਵੀ ਤੇ ਸਿੱਖ ਆਗੂ ਸਰਬਜੀਤ ਸਿੰਘ ਸੋਨੂੰ ਜੰਡਿਆਲਾ ਨੇ ਪਰਿਵਾਰ ਨੂੰ ਹੌਸਲਾ ਦਿੱਤਾ ਤੇ ਆਪਣੀ ਗੱਡੀ ਵਿੱਚ ਬਿਠਾ ਕੇ ਹਸਪਤਾਲ ਨੂੰ ਚੱਲ ਪਏ ਤੇ ਮੌਕੇ ਤੇ ਹੀ ਨੰਬਰ ਡਾਇਲ ਕਰਕੇ ਪੁਲਿਸ ਰੱਖਿਆ ਫੋਰਸ ਨੂੰ ਬੁਲਾਇਆ ਤੇ ਰਸਤੇ ਵਿੱਚ ਹੀ ਐਬੂਲੈਂਸ ਵਿੱਚ ਬਿਠਾ ਕੇ ਪਰਿਵਾਰ ਨੂੰ ਗੁਰੂ ਨਾਨਕ ਦੇਵ ਹਾਸਿਲ ਤਾਲ ਬੇਬੇ ਨਾਨਕੀ ਵਿੱਚ ਦਾਖਲ ਕਰਵਾ ਦਿੱਤਾ ਗਿਆ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸਿੱਖ ਆਗੂ ਸਰਬਜੀਤ ਸਿੰਘ ਸੋਨੂੰ ਜੰਡਿਆਲਾ ਨੇ ਦੱਸਿਆ ਕੀ ਪੰਜਾਬ ਸਰਕਾਰ ਵੱਲੋਂ ਬਹੁਤ ਵਧੀਆ ਮੁਹਿਮ ਚਲਾਈ ਗਈ ਹੈ ਪੁਲਿਸ ਸੁਰੱਖਿਆ ਫੋਰਸ ਜੇਕਰ ਕੋਈ ਰੋਡ ਤੇ ਐਕਸੀਡੈਂਟ ਹੁੰਦਾ ਹੈ ਤੇ ਤੁਰੰਤ 112 ਨੰਬਰ ਡਾਇਲ ਕਰੋ ਤੇ ਪੁਲਿਸ ਸੁਰੱਖਿਆ ਫੋਰਸ ਦੀ ਗੱਡੀ ਪਹੁੰਚ ਜਾਂਦੀ ਹੈ। ਤੇ ਮਦਦ ਕਰਨ ਵਾਲੇ ਪਰਿਵਾਰ ਨੂੰ ਭਾਈ ਘਨਈਆ ਜੀ ਸਰਟੀਫਿਕੇਟ ਦਿੱਤਾ ਜਾਂਦਾ ਹੈ ਤੇ ਸਨਮਾਨ ਕੀਤਾ ਜਾਂਦਾ ਹੈ ਤੇ ਜੋ ਇਨਸਾਨ ਮਰੀਜ਼ ਨੂੰ ਹਸਪਤਾਲ ਵਿੱਚ ਪਹੁੰਚਾਉਂਦਾ ਹੈ ਉਸ ਤੇ ਕੋਈ ਕਾਰਵਾਈ ਵੀ ਨਹੀਂ ਹੁੰਦੀ ਪਰ ਅਫਸੋਸ ਦੀ ਗੱਲ ਹੈ ਕਿ ਪੁਲਿਸ ਪ੍ਰਸ਼ਾਸਨ ਇਸ ਮੁਹਿਮ ਨੂੰ ਅੱਗੇ ਵਧਣ ਹੀ ਨਹੀਂ ਦੇਣਾ ਚਾਹੁੰਦਾ ਉਹਨਾਂ ਦੱਸਿਆ ਕਿ ਮੈਂ ਹੁਣ ਤੱਕ 93 ਲੋਕਾਂ ਨੂੰ ਹਸਪਤਾਲ ਵਿੱਚ ਪਹੁੰਚਾ ਚੁੱਕਾ ਹਾਂ ਤੇ ਮੈਨੂੰ ਪੁਲਿਸ ਪ੍ਰਸ਼ਾਸਨ ਵੱਲੋਂ ਬਹੁਤ ਜਿਆਦਾ ਪਰੇਸ਼ਾਨ ਕੀਤਾ ਗਿਆ ਜੋ ਕਿ ਸਰਕਾਰ ਵੱਲੋਂ ਮੁਹਿੰਮ ਚਲਾਈ ਗਈ ਹੈ ਉਹ ਭਾਈ ਘਨਈਆ ਜੀ ਸਰਟੀਫਿਕੇਟ ਮੈਨੂੰ ਨਹੀਂ ਦਿੱਤਾ ਕਿਉਂਕਿ ਮੈਂ ਚਾਹੁੰਦਾ ਸੀ ਕਿ ਇਸ ਮੁਹਿੰਮ ਨੂੰ ਅੱਗੇ ਲੈ ਕੇ ਜਾਇਆ ਜਾਵੇ ਤੇ ਭਾਈ ਘਨਈਆ ਜੀ ਦੇ ਨਾਮ ਤੇ ਚੱਲ ਰਹੇ ਮਿਸ਼ਨ ਨੂੰ ਲੋਕਾਂ ਤੱਕ ਤੇ ਘਰ ਘਰ ਪਹੁੰਚਾਇਆ ਜਾਵੇ ਜੋ ਕਿ ਹਰ ਇਨਸਾਨ ਰੋਡ ਤੋਂ ਲੰਘਦਾ ਹੈ ਜੇਕਰ ਕੋਈ ਕਿਸੇ ਦਾ ਐਕਸੀਡੈਂਟ ਹੋ ਜਾਵੇ ਤੇ ਉਹਨਾਂ ਨੂੰ ਬਿਨਾਂ ਡਰ ਤੋਂ ਹਸਪਤਾਲ ਪਹੁੰਚਾ ਸਕੇ ਤੇ ਲੋਕਾਂ ਦੀ ਜਾਨ ਬਚ ਸਕੇ ਕਿਉਂਕਿ ਜੋ ਇਹ ਪੰਜਾਬ ਤੇ ਸੈਂਟਰ ਸਰਕਾਰ ਵੱਲੋਂ ਫਰਿਸ਼ਤਾ ਸਕੀਮ ਚਲਾਈ ਗਈ ਹੈ ਇਹ ਬਹੁਤ ਵਧੀਆ ਸਕੀਮ ਹੈ ਜਿਸ ਕਰਕੇ ਆਕਸੀਡੈਂਟਾਂ ਵਿੱਚ ਘਾਟਾ ਹੋਵੇਗਾ ਤੇ ਲੋਕਾਂ ਦੀ ਜਾਨ ਵੀ ਬਚ ਸਕਦੀ ਹੈ ਇਹ ਬਹੁਤ ਵੱਡਾ ਪੁੰਨ ਦਾ ਕੰਮ ਹੈ ਪਰ ਇਸ ਵਿੱਚ ਮੈਂ ਬੜੇ ਲੰਮੇ ਸਮੇਂ ਤੋਂ ਲੱਗਾ ਹਾਂ ਪੁਲਿਸ ਨੇ ਮੇਰਾ ਕੋਈ ਵੀ ਕਿਤੇ ਕਿਸੇ ਤਰ੍ਹਾਂ ਦਾ ਸਹਿਯੋਗ ਨਹੀਂ ਕੀਤਾ ਉਲਟਾ ਮੈਨੂੰ ਤੰਗ ਪਰੇਸ਼ਾਨ ਕੀਤਾ ਹੈ ਇਹ ਗੱਲ ਮੈਂ ਅੱਜ ਬੜੇ ਦੁਖੀ ਹਿਰਦੇ ਨਾਲ ਕਰ ਰਹੇ ਹਾਂ ਕਿਉਂਕਿ ਮੈਂ ਜਦ ਵੀ ਪੁਲਿਸ ਦੇ ਉੱਚ ਅਧਿਕਾਰੀਆਂ ਨਾਲ ਗੱਲ ਕਰਦਾ ਹਾਂ ਤੇ ਮੈਨੂੰ ਵਿਸ਼ਵਾਸ ਦਵਾ ਦਿੱਤਾ ਜਾਂਦਾ ਹੈ ਕਿ ਅਸੀਂ ਤੁਹਾਡੇ ਨਾਲ ਹਾਂ ਤੁਸੀਂ ਚੰਗਾ ਕੰਮ ਕਰ ਰਹੇ ਹੋ ਪਰ ਬਾਅਦ ਵਿੱਚ ਉਹ ਇਸ ਗੱਲ ਨੂੰ ਇੱਕ ਮਜ਼ਾਕ ਦੀ ਤਰ੍ਹਾਂ ਖਤਮ ਕਰ ਦਿੰਦੇ ਨੇ ਉਹਨਾਂ ਕਿਹਾ ਕਿ ਮੈਂ ਇਸ ਭਾਈ ਘਨਈਆ ਜੀ ਦੇ ਮਿਸ਼ਨ ਨੂੰ ਬਹੁਤ ਅੱਗੇ ਲੈ ਕੇ ਜਾਣਾ ਚਾਹੁੰਦਾ ਹਾਂ ਕਿਉਂਕਿ ਇਹ ਬਹੁਤ ਸ਼ਲਾਗਾ ਯੋਗ ਕਦਮ ਹੈ ਜੋ ਸਰਕਾਰ ਨੇ ਚੁੱਕਿਆ ਹੈ ਪਰ ਪ੍ਰਸ਼ਾਸਨ ਦਾ ਵੀ ਫਰਜ ਬਣਦਾ ਹੈ ਕਿ ਪ੍ਰਸ਼ਾਸਨ ਵੀ ਇਸ ਵਿੱਚ ਆਪਣਾ ਅਹਿਮ ਯੋਗਦਾਨ ਪਾਵੇ ਜੋ ਉਹਨਾਂ ਦੀ ਡਿਊਟੀ ਬਣਦੀ ਹੈ ਪ੍ਰਸ਼ਾਸਨ ਉਹ ਇਮਾਨਦਾਰੀ ਨਾਲ ਨਿਭਾਵੇ ਨਾ ਕਿ ਗੱਲਾਂ ਨਾਲ ਵੀਡੀਓ ਬਣਾ ਕੇ ਸੋਸ਼ਲ ਮੀਡੀਆ ਤੇ ਪਾਵੇ ਪ੍ਰਸ਼ਾਸਨ ਨੂੰ ਆਪਣੀ ਜਿੰਮੇਵਾਰੀ ਸਮਝਦਿਆਂ ਹੋਇਆਂ ਲੋਕਾਂ ਨੂੰ ਸਮਝਾਉਣਾ ਚਾਹੀਦਾ ਹੈ ਤੇ ਦੱਸਣਾ ਚਾਹੀਦਾ ਹੈ ਕਿ ਭਾਈ ਘਨਈਆ ਜੀ ਕਿੱਡੀ ਮਹਾਨ ਸ਼ਖਸ਼ੀਅਤ ਸੀ ਜਿਨਾਂ ਦੇ ਨਾਮ ਤੇ ਇਹ ਮੁਹਿਮ ਚਲਾਈ ਗਈ ਹੈ ਤੇ ਸਾਡਾ ਸਾਰਿਆਂ ਦਾ ਫਰਜ ਬਣਦਾ ਹੈ ਇਸ ਮੁਹਿਮ ਨੂੰ ਅੱਗੇ ਲੈ ਕੇ ਜਾਣਾ ਤੇ ਲੋਕਾਂ ਦੀ ਜਾਨ ਨੂੰ ਸੁਰੱਖਿਤ ਬਣਾਉਣਾ।



**ਭਾਈ ਘਨ੍ਹਈਆ ਜੀ ਦੇ ਮਿਸ਼ਨ ਨੂੰ ਘਰ ਘਰ ਪਹੁੰਚਾਉਣ ਦਾ ਕੀਤਾ ਜਾਵੇ ਉਪਰਾਲਾ**

# ਧਰਮ ਪ੍ਰਚਾਰ ਕਮੇਟੀ ਵੱਲੋਂ ਪਿੰਡ ਅਸਪਾਲ ਕੋਠੇ ਦੇ ਗੁਰਦੁਆਰਾ ਸਾਹਿਬ ਲਈ ਧਾਰਮਿਕ ਕਿਤਾਬਾਂ ਭੇਟ



ਤਲਵੰਡੀ ਸਾਬੋ, 15 ਜੁਲਾਈ (ਗੁਰਜੰਟ ਸਿੰਘ ਨਥੇਹਾ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਗੁਰਮਤਿ ਪ੍ਰਚੰਡ ਲਹਿਰ ਨੂੰ ਹੋਰ ਤੇਜ਼ ਕਰਨ ਦੇ ਮਨੋਰਥ ਨਾਲ ਅਤੇ ਸੰਗਤਾਂ ਨੂੰ ਧਾਰਮਿਕ ਸਾਹਿਤ ਨਾਲ ਜੋੜਨ ਦੀ ਕਵਾਇਦ ਤਹਿਤ ਮਾਨਸਾ ਜਿਲ੍ਹੇ ਦੇ ਪਿੰਡ ਅਸਪਾਲ ਕੋਠੇ ਦੇ ਗੁਰਦੁਆਰਾ ਸਾਹਿਬ ਨੂੰ ਧਾਰਮਿਕ ਲਾਇਬ੍ਰੇਰੀ ਯੋਜਨਾ ਤਹਿਤ ਵੱਡੀ ਗਿਣਤੀ ਧਾਰਮਿਕ ਕਿਤਾਬਾਂ ਭੇਟ ਕੀਤੀਆਂ ਗਈਆਂ। ਮਿਲੀ ਜਾਣਕਾਰੀ ਅਨੁਸਾਰ ਪਿੰਡ ਅਸਪਾਲ ਕੋਠੇ ਦੀ ਮਹਿਲਾ ਸਰਪੰਚ ਸਰਬਜੀਤ ਕੌਰ ਦੇ ਪਤੀ ਬੂਟਾ ਸਿੰਘ ਦੀਆਂ ਕੋਸ਼ਿਸ਼ਾਂ ਦੇ ਚਲਦਿਆਂ ਪਿੰਡ ਦੀ ਗੁਰਦੁਆਰਾ ਕਮੇਟੀ ਵੱਲੋਂ ਬੀਤੇ ਦਿਨਾਂ ਵਿੱਚ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਬਾਬਾ ਟੇਕ ਸਿੰਘ ਤੱਕ ਇੱਕ ਪੱਤਰ ਪਹੁੰਚਾ ਕੇ ਗੁਰਦੁਆਰਾ ਸਾਹਿਬ ਲਈ ਧਾਰਮਿਕ ਕਿਤਾਬਾਂ ਭੇਟ ਕਰਨ ਦੀ ਕੀਤੀ ਬੇਨਤੀ ਦੇ ਮੱਦੇਨਜ਼ਰ ਪਿਛਲੇ ਦਿਨੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਉਕਤ ਪਿੰਡ ਦੇ ਗੁਰਦੁਆਰਾ ਸਾਹਿਬ ਵਾਸਤੇ ਧਾਰਮਿਕ ਕਿਤਾਬਾਂ ਦੇਣ ਦੀ ਬੇਨਤੀ ਨੂੰ ਮਨਜ਼ੂਰੀ ਦਿੱਤੀ ਗਈ ਸੀ ਅਤੇ ਉਸੇ ਤਹਿਤ ਧਰਮ ਪ੍ਰਚਾਰ ਉਪ ਦਫਤਰ ਦਮਦਮਾ ਸਾਹਿਬ (ਤਲਵੰਡੀ ਸਾਬੋ) ਦੇ ਇੰਚਾਰਜ ਭਾਈ ਭੋਲਾ ਸਿੰਘ ਨੇ ਅੱਜ ਕਿਤਾਬਾਂ ਅਸਪਾਲ ਕੋਠੇ ਦੀ ਮਹਿਲਾ ਸਰਪੰਚ ਦੇ ਪਤੀ ਬੂਟਾ ਸਿੰਘ ਅਤੇ ਗੁਰਦੁਆਰਾ ਕਮੇਟੀ ਦੇ ਅਹੁਦੇਦਾਰਾਂ ਦੀ ਮੌਜੂਦਗੀ ਚ ਭੇਟ ਕੀਤੀਆਂ। ਭਾਈ ਭੋਲਾ ਸਿੰਘ ਨੇ ਕਿਹਾ ਕਿ ਇਹ ਧਾਰਮਿਕ ਕਿਤਾਬਾਂ ਗੁਰਦੁਆਰਾ ਸਾਹਿਬ ਆਉਣ ਵਾਲੀਆਂ ਸੰਗਤਾਂ ਨੂੰ ਸਿੱਖਾਂ ਦੇ ਗੌਰਵਸ਼ਾਲੀ ਇਤਿਹਾਸ ਨਾਲ ਜੋੜਨਗੀਆਂ ਅਤੇ ਖਾਸ ਕਰਕੇ ਇਹ ਬੱਚਿਆਂ ਲਈ ਵਰਦਾਨ ਸਾਬਿਤ ਹੋਣਗੀਆਂ। ਗੁਰਦੁਆਰਾ ਕਮੇਟੀ ਪ੍ਰਧਾਨ ਜਗਰਾਜ ਸਿੰਘ ਨੇ ਕਿਤਾਬਾਂ ਦੇਣ ਲਈ ਜਥੇਦਾਰ ਬਾਬਾ ਟੇਕ ਸਿੰਘ, ਸ਼੍ਰੋਮਣੀ ਕਮੇਟੀ ਅਤੇ ਭਾਈ ਭੋਲਾ ਸਿੰਘ ਦਾ ਧੰਨਵਾਦ ਕੀਤਾ ਜਦੋਂਕਿ ਇਸ ਮੌਕੇ ਗੁਰਦੁਆਰੇ ਦੇ ਹੈੱਡ ਗ੍ਰੰਥੀ ਭਾਈ ਰਣਜੀਤ ਸਿੰਘ, ਬਾਬਾ ਭਜਨ ਸਿੰਘ, ਬਾਬਾ ਦਰਸ਼ਨ ਸਿੰਘ, ਬਲਜੀਤ ਸਿੰਘ ਸਾਬਕਾ ਸਰਪੰਚ, ਸਿਮਰਜੀਤ ਸਿੰਘ ਅਤੇ ਗੁਰਤੇਜ ਸਿੰਘ ਆਦਿ ਵੀ ਮੌਜੂਦ ਸਨ।

# ਗੁਰੂ ਕਾਸ਼ੀ ਯੂਨੀਵਰਸਿਟੀ ਅਤੇ ਯੂਨੀਵਰਸਿਟੀ ਆਫ਼ ਫਲੋਰੀਡਾ (ਅਮਰੀਕਾ) ਵਿਚਕਾਰ ਦੁਵੱਲਾ ਸਮਝੌਤਾ ਸਹੀਬੱਧ





**ਤਲਵੰਡੀ ਸਾਬੋ, 15 ਜੁਲਾਈ (ਗੁਰਜੰਟ ਸਿੰਘ ਨਥੇਹਾ)**-ਵਿਸ਼ਵ ਪੱਧਰੀ ਖੋਜ਼ਾਂ, ਨਵੀਨਤਾ ਅਤੇ ਗਿਆਨ ਦੇ ਖੇਤਰਾਂ ਨੂੰ ਆਪਸ ਵਿੱਚ ਜੋੜਨ ਲ਼ਈ ਗੁਰੂ ਕਾਸ਼ੀ ਯੂਨੀਵਰਸਿਟੀ ਵੱਲੋਂ ਪ੍ਰੋ. (ਡਾ.) ਰਾਮੇਸ਼ਵਰ ਸਿੰਘ ਵਾਈਸ ਚਾਂਸਲਰ ਦੀ ਰਹਿਨੁਮਾਈ ਹੇਠ ਅਮਰੀਕਾ ਦੀ ਯੂਨੀਵਰਸਿਟੀ ਆਫ਼ ਫਲੋਰੀਡਾ ਦੇ ਗਲੋਬਲ ਫੂਡ ਸਿਸਟਮ ਇੰਸਟੀਚਿਊਟ (ਜੀ.ਐਫ.ਐੱਸ.ਆਈ) ਨਾਲ ਦੁਵੱਲਾ ਸਮਝੌਤਾ ਸਹੀਬੱਧ ਕੀਤਾ ਗਿਆ। ਇਹ ਸਮਝੌਤਾ ਪ੍ਰੋ. (ਡਾ.) ਪੀਯੂਸ਼ ਵਰਮਾ ਰਜਿਸਟਰਾਰ, ਜੀ.ਕੇ.ਯੂ ਅਤੇ ਐਲਿਜਾਬੈਥ ਕੀਟਰ ਐਸੋਸਿਏਟ ਡਾਇਰੈਕਟਰ ਫਲੋਰੀਡਾ ਯੂਨੀਵਰਸਿਟੀ ਵੱਲੋਂ ਹਸਤਾਖ਼ਿਰਤ ਕੀਤਾ ਗਿਆ। ਇਸ ਮੌਕੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਡਾ. ਸਿੰਘ, ਵਾਈਸ ਚਾਂਸਲਰ ਨੇ ਕਿਹਾ ਕਿ ਇਸ ਸਮਝੌਤੇ ਨਾਲ ਨੌਜਵਾਨਾਂ, ਖੋਜਾਰਥੀਆਂ, ਵਿਦਿਆਰਥੀਆਂ ਨੂੰ ਨਵੀਆਂ ਖੋਜ਼ਾਂ ਲਈ ਵਿਸ਼ਵ ਪੱਧਰੀ ਸੁਵਿਧਾਵਾਂ ਅਤੇ ਮੌਕੇ ਹਾਸਿਲ ਹੋਣਗੇ। ਜਿਸ ਨਾਲ ਉਹ ਆਪਣੇ ਨਵੇਂ ਵਿਚਾਰਾਂ ਨੂੰ ਅਮਲੀ ਜਾਮਾ ਪਹਿਨਾ ਸਕਣਗੇ। ਉਨ੍ਹਾਂ ਇਹ ਵੀ ਕਿਹਾ ਕਿ ਇਸ ਸਮਝੌਤੇ ਨਾਲ ਦੋਹੇਂ ਗਿਆਨ ਦੇ ਕੇਂਦਰ ਬੌਧਿਕਤਾ ਦੇ ਆਦਾਨ-ਪ੍ਰਦਾਨ, ਨਵੀਆਂ ਖੋਜਾਂ ਅਤੇ ਨਵੀਨ ਵਿਚਾਰਾਂ ਦੇ ਪਾਸਾਰ ਲਈ ਆਪਸ ਵਿੱਚ ਜੋੜਨਗੇ ਤੇ ਨਤੀਜੇ ਪੱਖੋਂ ਉਨ੍ਹਾਂ ਵੱਲੋਂ ਕੀਤੀਆਂ ਖੋਜਾਂ ਲੋਕਾਈ ਦੇ ਭਲੇ ਵਿੱਚ ਸਹਾਈ ਹੋਣਗੀਆਂ। ਉਨ੍ਹਾਂ ਸਮਝੌਤੇ ਨਾਲ ਰੁਜ਼ਗਾਰ ਅਤੇ ਵਿਕਾਸ ਦੇ ਨਵੇਂ ਰਸਤੇ ਖੁੱਲ੍ਹਣ ਅਤੇ ਨਵੀਆਂ ਸੰਭਾਵਨਾਵਾਂ ਬਣਨ ਦੀ ਆਸ ਵੀ ਪ੍ਰਗਟ ਕੀਤੀ। ਡਾ. ਵਰਮਾ, ਰਜਿਸਟਰਾਰ ਨੇ ਸਮਝੌਤੇ 'ਤੇ ਆਪਣੇ ਵਿਚਾਰ ਰੱਖਦੇ ਕਿਹਾ ਕਿ ਇਸ ਨਾਲ ਦੋਹੇਂ ਸੰਸਥਾਵਾਂ ਖੇਤੀਬਾੜੀ, ਭੋਜਨ ਸੁਰੱਖਿਆ, ਸਥਾਈ ਵਿਕਾਸ ਲਈ ਕੰਮ ਕਰਨਗੀਆਂ। ਸਮਝੌਤੇ ਤਹਿਤ ਦੋਵੇਂ ਸੰਸਥਾਵਾਂ ਦੇ ਵਿਦਿਆਰਥੀ ਅਤੇ ਖੋਜਾਰਥੀ ਸਾਂਝੇ ਪ੍ਰੋਜੈਕਟਾਂ 'ਤੇ ਕੰਮ ਕਰਨਗੇ। ਜਿਸ ਨਾਲ ਨਵੇਂ ਵਿਚਾਰਾਂ ਦਾ ਆਦਾਨ ਪ੍ਰਦਾਨ ਹੋਵੇਗਾ। ਉਨ੍ਹਾਂ ਕਿਹਾ ਕਿ ਸਥਾਈ ਵਿਕਾਸ ਲਈ ਦੋਹੇਂ ਸੰਸਥਾਵਾਂ ਵੱਲੋਂ ਸਾਂਝੇ ਤੌਰ 'ਤੇ ਵਰਕਸ਼ਾਪਾਂ, ਸੈਮੀਨਾਰਾਂ ਅਤੇ ਕਾਨਫਰੰਸਾਂ ਦਾ ਆਯੋਜਨ ਕੀਤਾ ਜਾਵੇਗਾ। ਇਸ ਤੋਂ ਇਲਾਵਾ ਲੋਕਾਈ ਦੇ ਭਲੇ ਲਈ ਸਾਂਝੀਆਂ ਯੋਜਨਾਵਾਂ ਤੇ ਯੋਜਨਾਵੱਧ ਤਰੀਕੇ ਨਾਲ ਕਾਰਜ ਕੀਤੇ ਜਾਣਗੇ। ਜੋ ਅਧਿਆਪਕਾਂ,ਵਿਦਿਆਰਥੀਆਂ ਦੇ ਅਕਾਦਮਿਕ ਵਿਕਾਸ ਨੂੰ ਨਵੀਂ ਦਿਸ਼ਾ ਵੱਲ ਲੈ ਕੇ ਜਾਣਗੇ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

**ਸਹਿਕਾਰੀ ਖੇਤੀ ਵਿਕਾਸ ਬੈਂਕ ਸੰਗਰੂਰ ਨੇ ਅੰਤਰਰਾਸ਼ਟਰੀ ਸਹਿਕਾਰਤਾ ਵਰ੍ਹਾ 2025 ਮਨਾਇਆ**

# 44ਵਾਂ ਨਬਾਰਡ ਸਥਾਪਨਾ ਦਿਵਸ ਮਨਾਇਆ



**ਸੰਗਰੂਰ ( ਰਣਜੀਤ ਸਿੰਘ ਪੇਧਨੀ)**-ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਸੰਗਰੂਰ ਵੱਲੋਂ ਜਿਲ੍ਹਾ ਪੱਧਰ ਤੇ ਅੰਤਰਰਾਸ਼ਟਰੀ ਸਹਿਕਾਰਤਾ ਵਰ੍ਹਾ 2025 ਅਧੀਨ ਪੇਂਡੂ ਵਿਕਾਸ ਵਿਚ ਸਹਿਕਾਰਤਾ ਵਿਭਾਗ ਦੀ ਭੂਮਿਕਾ ਸਬੰਧੀ ਵਿਚਾਰ ਗੋਸ਼ਟੀ ਅਤੇ ਏਕ ਪੇੜ ਮਾਂ ਕੇ ਨਾਂਮ ਮੁਹਿੰਮ ਸੰਬੰਧੀ ਜਾਗਰੂਕਤਾ ਪ੍ਰੋਗਰਾਮ ਅਤੇ ਨਾਬਾਰਡ ਸਥਾਪਨਾ ਦਿੱਵਸ ਸੁਖਵਿੰਦਰ ਕੌਰ, ਉਪਲੀ ਦੀ ਪ੍ਰਧਾਨਗੀ ਹੇਠ ਸਹਿਕਾਰੀ ਖੇਤੀ ਵਿਕਾਸ ਬੈਂਕ, ਸੰਗਰੂਰ ਵਿਖੇ ਮਨਾਇਆ ਗਿਆ।ਪ੍ਰੋਗਰਾਮ ਦੀ ਸ਼ੁਰੂਆਤ ਗੁਰਪ੍ਰਕਾਸ਼ ਸਿੰਘ, ਸੀ.ਈ.ਆਈ, ਪੰਨਕੋਫੈਡ ਚੰਡੀਗੜ੍ਹ ਵੱਲੋਂ ਮਹਿਮਾਨਾਂ ਨੂੰ ਜੀ ਆਇਆਂ ਕਿਹਾ। ਇਸ ਉਪਰੰਤ ਸਹਿਕਾਰੀ ਖੇਤੀ ਵਿਕਾਸ ਬੈਂਕ ਜਿਲ੍ਹਾ ਸੰਗਰੂਰ ਦੇ ਜਿਲ੍ਹਾ ਮੈਨੇਜਰ ਸ਼ੈਲੇਂਦਰ ਕੁਮਾਰ ਗਰਗ ਨੇ ਸਹਿਕਾਰਤਾ ਲਹਿਰ ਬਾਰੇ ਜਾਣਕਾਰੀ ਦਿੰਦੇ ਅਤੇ ਸਹਿਕਾਰੀ ਬੈਂਕਾਂ ਦੇ ਪਿਛੋਕੜ ਬਾਰੇ ਦੱਸਿਆ।ਉਨਾਂ ਇਹ ਵੀ ਦੱਸਿਆ ਕਿ ਦੇਸ਼ ਦੀ ਹਰੀ ਕ੍ਰਾਂਤੀ ਵਿੱਚ ਸਹਿਕਾਰੀ ਖੇਤੀ ਵਿਕਾਸ ਬੈਂਕਾਂ ਦੀ ਬਹੁਤ ਵੱਡੀ ਭੂਮਿਕਾ ਰਹੀ ਹੈ।

ਇਫਕੋ ਦੇ ਏਰੀਆ ਮੈਨੇਜਰ ਦਿਨੇਸ਼ ਜਿੰਦਲ ਵੱਲੋਂ ਖਾਦਾਂ ਦੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਦੇਸ਼ ਵਿੱਚ ਖਾਦਾਂ ਦੇ ਉਤਪਾਦਨ ਦਾ ਚੌਥਾ ਹਿੱਸਾ ਇਫਕੋ ਵੱਲੋਂ ਤਿਆਰ ਕੀਤਾ ਜਾਂਦਾ ਹੈ, ਮਾਰਕਫੈਡ ਦੇ ਐਫ.ਐਸ.ਓ ਅਮਰਿੰਦਰਜੀਤ ਵਰਮਾਂ ਵੱਲੋਂ ਮਾਰਕਫੈਡ ਵੱਲੋਂ ਤਿਆਰ ਕੀਤੇ ਜਾਂਦੇ ਉਤਪਾਦਾਂ ਸਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮਾਰਕਫੈਡ ਦੇ ਸਾਰੇ ਉਤਪਾਦ ਬਹੁਤ ਸ਼ੁੱਧਤਾ ਨਾਲ ਤਿਆਰ ਕੀਤੇ ਜਾਂਦੇ ਹਨ, ਸਹਿਕਾਰੀ ਸਭਾਵਾਂ, ਜਿਲ੍ਹਾ ਸੰਗਰੂਰ ਦੇ ਆਡਿਟ ਅਫਸਰ ਨਵਲ ਕਿਸ਼ੋਰ ਵੱਲੋਂ ਹਾਜਰ ਕਿਸਾਨਾਂ ਅਤੇ ਮਹਿਮਾਨਾਂ ਨੂੰ ਸਹਿਕਾਰਤਾ ਨਾਲ ਜੁੜਣ ਦੀ ਅਪੀਲ ਕੀਤੀ ਅਤੇ ਕਿਹਾ ਗਿਆ ਕਿ ਸਾਨੂੰ ਰੋਜਾਨਾਂ ਵਰਤੋਂ ਦਾ ਸਾਮਾਨ ਸਹਿਕਾਰੀ ਸਭਾਵਾਂ ਪਾਸੋਂ ਖਰੀਦ ਕਰਨਾ ਚਾਹੀਦਾ ਹੈ, ਅਵਤਾਰ ਸਿੰਘ, ਡਾਇਰੈਕਟਰ, ਸਟੇਟ ਖੇਤੀ ਵਿਕਾਸ ਬੈਂਕ ਚੰਡੀਗੜ੍ਹ ਵੱਲੋਂ ਆਪਣੇ ਸੰਬੋਧਨ ਵਿੱਚ ਨਾਬਾਰਡ ਪਾਸੋਂ ਖੇਤੀ ਵਿਕਾਸ ਬੈਂਕਾਂ ਨੂੰ ਮੁੜ ਸੁਰਜੀਤ ਕਰਨ ਦੀ ਅਪੀਲ ਕੀਤੀ। ਜਿਲ੍ਹਾ ਸੰਗਰੂਰ ਦੇ ਡੀ.ਡੀ.ਐਮ ਨਾਬਾਰਡ ਮਨੀਸ਼ ਗੁਪਤਾਂ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਸ਼ਿਰਕਤ ਕਰਦੇ ਹੋਏ ਨਾਬਾਰਡ ਦੇ 44ਵੇਂ ਸਥਾਪਣਾ ਦਿੱਵਸ ਤੇ ਵਧਾਈ ਦਿੱਤੀ ਅਤੇ ਕਿਹਾ ਕਿ ਵਿਸ਼ਵ ਭਰ ਵਿੱਚ ਅੰਤਰਰਾਸ਼ਟਰੀ ਪੱਧਰ ਤੇ ਸਹਿਕਾਰਤਾ ਵਰ੍ਹਾ 2025 ਮਨਾਇਆ ਜਾ ਰਿਹਾ ਹੈ। ਇਸ ਉਪਰੰਤ ਸਹਿਕਾਰੀ ਖੇਤੀ ਵਿਕਾਸ ਬੈਂਕ ਸੰਗਰੂਰ ਵੱਲੋਂ ਆਏ ਮਹਿਮਾਨਾਂ ਨੂੰ ਮਾਣ ਪੱਤਰ ਭੇਂਟ ਕੀਤੇ ਅਤੇ ਏਕ ਪੇੜਾ ਮਾਂ ਕੇ ਨਾਂਮ ਮੁਹਿੰਮ ਅਧੀਨ ਪੌਦੇ ਵੰਡੇ ਗਏ।ਨਾਬਾਰਡ ਦੇ ਸਥਾਪਨਾ ਦਿਵਸ ਸਬੰਧੀ ਕੇਕ ਵੀ ਕੱਟਿਆ ਗਿਆ। ਆਖਿਰ ਵਿੱਚ ਅਮਨਦੀਪ ਸਿੰਘ ਪੂਨੀਆਂ ਸਾਬਕਾ ਡਾਇਰੈਕਟਰ ਵੱਲੋਂ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਪਰਮਵੀਰ ਕੌਰ ਮੈਨੇਜਰ ਬੈਂਕ ਨੂੰ ਵਧੀਆਂ ਪ੍ਰੋਗਰਾਮ ਦਾ ਸੁਚਾਰੂ ਬੰਦੋਬਸਤ ਕਰਨ ਲਈ ਵਿਸ਼ੇਸ਼ ਧੰਨਵਾਦ ਕੀਤਾ। ਇਸ ਮੌਕੇ ਲਿਖਮ ਸਿੰਘ ਰਾਜਪ੍ਰੋਹਿਤ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ ਸੰਗੂਰਰ, ਅਨਿਲ ਗੋਇਲ ਸੀਨੀਅਰ ਆਡਿਟਰ, ਬੈਂਕ ਦੇ ਕਮੇਟੀ ਮੈਂਬਰ ਸੁਖਜੀਤ ਕੌਰ, ਪਰਮਿੰਦਰ ਕੌਰ, ਭਗਵੰਤ ਸਿੰਘ, ਸਤਿੰਦਰਜੀਤ ਸਿੰਘ, ਹਰਭਜਨ ਸਿੰਘ, ਜਗਰਾਜ ਸਿੰਘ, ਪ੍ਰਗਟ ਸਿੰਘ, ਰਾਮੇਸ਼ ਕੁਮਾਰ, ਜਿਲ੍ਹਾ ਸੰਗਰੂਰ ਦੇ ਖੇਤੀ ਵਿਕਾਸ ਬੈਂਕਾਂ ਦੇ ਮੈਨੇਜਰ ਸੁਰਿੰਦਰ ਗਰਗ, ਹਰਜੀਤ ਸਿੰਘ, ਭੁਪਿੰਦਰ ਖੁਰਾਣਾ, ਪੁਸ਼ਿਪੰਦਰ ਸਿੰਘ, ਹਰਜਿੰਦਰ ਸਿੰਘ, ਤਰਸੇਮ ਸਿੰਘ, ਗਗਨਦੀਪ ਸਿੰਘ ਅਤੇ ਸਮੂਹ ਸਟਾਫ ਗਗਨਦੀਪ ਜਿੰਦਲ, ਰਿਸ਼ੀਪਾਲ ਬਾਂਸਲ, ਜਸਕੀਰਤ ਸਿੰਘ, ਕਮਲ ਸ਼ਰਮਾਂ, ਅਮਨਦੀਪ ਕੌਰ, ਯਤੀਨ ਜੁਨੇਜਾ, ਸੁਖਦੇਵ ਸਿੰਘ, ਆਸ਼ਾ ਰਾਣੀ, ਡੀ.ਸੀ.ਯੂ ਸੰਗਰੂਰ ਦੇ ਮੈਨੇਜਰ ਜਸਵਿੰਦਰ ਸਿੰਘ ਅਤੇ ਉੱਘੇ ਕਿਸਾਨ ਮੈਂਬਰ ਮੇਵਾ ਸਿੰਘ ਉਪਲੀ, ਕੁਲਦੀਪ ਸਿੰਘ, ਪਰਮਿੰਦਰ ਸਿੰਘ, ਮੁਕੇਸ਼ ਕੁਮਾਰ, ਸਾਗਰ ਕੁਮਾਰ, ਹਰਕੇਵਲ ਸਿੰਘ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

**ਜਥੇਬੰਦੀ ਵੱਲੋਂ ਪ੍ਰਸ਼ਾਸਨ ਨੂੰ ਖ਼ਾਸ ਇੰਤਜ਼ਾਮ ਕਰਨ ਦੀ ਅਪੀਲ**

# ਸਤਲੁਜ ਦਰਿਆ 'ਚ ਪਾਣੀ ਦੀ ਵਾਧੂ ਪੱਧਰ ਨੇ ਵਧਾਈ ਚਿੰਤਾ



**ਫਿਰੋਜ਼ਪੁਰ ਬੰਡਾਲਾ ( ਸੁਖਮੰਦਰ ਸਿੰਘ ਸ਼ਾਤ )**-ਸਤਲੁਜ ਦਰਿਆ ਵਿੱਚ ਪਾਣੀ ਦੀ ਲਗਾਤਾਰ ਵਾਧੂ ਮਾਤਰਾ ਦੇਖਦਿਆਂ ਇਲਾਕੇ ਦੀ ਜਥੇਬੰਦੀ ਵੱਲੋਂ ਇਨ੍ਹਾਂ ਹਾਲਾਤਾਂ ਨੂੰ ਲੈ ਕੇ ਗੰਭੀਰ ਚਿੰਤਾ ਜਤਾਈ ਗਈ ਹੈ। ਜਥੇਬੰਦੀ ਦੇ ਸਦੱਸਾਂ — ਜਿਲਾ ਪ੍ਰਧਾਨ ਗੁਰਦੇਵ ਸਿੰਘ ਬੰਡਲਾ, ਨਿਸਾਨ ਸਿੰਘ ਬੰਡਾਲਾ, ਸਿੰਗਾਰਾ ਸਿੰਘ ਰੁਕਨੇ ਵਾਲਾ, ਭੁਪਿੰਦਰ ਸਿੰਘ ਮਨਪ੍ਰੀਤ ਸਿੰਘ, ਬਲਦੇਵ ਸਿੰਘ, ਪੰਜਾਬ ਸਿੰਘ, ਜਗਰਾਜ ਸਿੰਘ, ਸਿਮਰਨਜੀਤ ਸਿੰਘ, ਗੁਰਸੇਵਕ ਸਿੰਘ ਤੇ ਗੁਰਭੇਜ ਸਿੰਘ — ਨੇ ਦਰਿਆ ਦੇ ਪਾਸੇ ਖੜੇ ਹੋ ਕੇ ਹਾਲਾਤਾਂ ਦਾ ਜਾਇਜ਼ਾ ਲਿਆ ਅਤੇ ਤਸਵੀਰ ਰਾਹੀਂ ਹਕੀਕਤ ਨੂੰ ਦਰਸਾਇਆ।ਇਨ੍ਹਾਂ ਨੇ ਪ੍ਰਸ਼ਾਸਨ ਨੂੰ ਸੂਚਿਤ ਕਰਦਿਆਂ ਮੰਗ ਕੀਤੀ ਕਿ ਜੇਕਰ ਤੁਰੰਤ ਢਾਂਚਾਗਤ ਤੇ ਤਕਨੀਕੀ ਇੰਤਜ਼ਾਮ ਨਾ ਕੀਤੇ ਗਏ ਤਾਂ ਪਾਣੀ ਨੀਵਿਆਂ ਇਲਾਕਿਆਂ ਵਿੱਚ ਦਾਖਲ ਹੋ ਕੇ ਕਿਸਾਨਾਂ ਦੀ ਫਸਲਾਂ, ਮਕਾਨਾਂ ਅਤੇ ਜਾਨਵਰਾਂ ਨੂੰ ਭਾਰੀ ਨੁਕਸਾਨ ਪਹੁੰਚਾ ਸਕਦਾ ਹੈ। ਜਥੇਬੰਦੀ ਨੇ ਚਿਤਾਵਨੀ ਦਿੱਤੀ ਕਿ ਜੇ ਹਾਲਾਤ ਨਿਯੰਤਰਣ ਤੋਂ ਬਾਹਰ ਗਏ ਤਾਂ ਲੋਕਾਂ ਨੂੰ ਸੜਕਾਂ 'ਤੇ ਉਤਰਨਾ ਪਏਗਾ।

ਇਸ ਮੌਕੇ ਉਨ੍ਹਾਂ ਨੇ ਸਥਾਨਕ ਲੋਕਾਂ ਨੂੰ ਵੀ ਸਾਵਧਾਨ ਰਹਿਣ ਅਤੇ ਸਹਿਯੋਗੀ ਬਣ ਕੇ ਇਨ੍ਹਾਂ ਹਾਲਾਤਾਂ ਦਾ ਸਾਹਮਣਾ ਕਰਨ ਦੀ ਅਪੀਲ ਕੀਤੀ। ਉਨ੍ਹਾਂ ਨੇ ਆਖਿਰ 'ਚ ਕਿਹਾ ਕਿ ਹੱਲ ਤਦੋਂ ਹੀ ਨਿਕਲੇਗਾ ਜਦੋਂ ਪ੍ਰਸ਼ਾਸਨ ਜ਼ਮੀਨੀ ਪੱਧਰ 'ਤੇ ਉਤਰੇਗਾ, ਨਾ ਕਿ ਸਿਰਫ਼ ਕਾਗ.ਜ਼ੀ ਕਾਰਵਾਈ ਕਰੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

# ਅੰਤਰਰਾਸ਼ਟਰੀ ਬਜ਼ੁਰਗ ਦੌੜਾਕ ਸ ਫੌਜਾ ਸਿੰਘ (ਟਰਬਨਡ ਟੋਰਨੇਡੋ)



ਸਰਦਾਰ ਫੌਜਾ ਸਿੰਘ ਦਾ ਜਨਮ ਮਿਤੀ 1 ਅਪ੍ਰੈਲ 1911 ਨੂੰ ਪੰਜਾਬ ਦੇ ਜਲੰਧਰ ਨੇੜੇ ਬਿਆਸ ਦੇ ਇੱਕ ਛੋਟੇ ਪਿੰਡ ਵਿੱਚ ਹੋਇਆ। ਉਹ ਇੱਕ ਨਿਮਰ ਸਿੱਖ ਪਰਿਵਾਰ ਵਿੱਚ ਚਾਰ ਭਰਾ ਭੈਣਾਂ ਵਿੱਚੋਂ ਸਭ ਤੋਂ ਛੋਟੇ ਸਨ। ਬੱਚਪਨ ਵਿੱਚ ਹੀ ਉਹਨਾਂ ਦੀਆਂ ਲੱਤਾਂ ਕਮਜ਼ੋਰ ਹੋਣ ਕਾਰਨ ਉਹ ਬਹੁਤ ਔਖ ਨਾਲ ਪੰਜ ਸਾਲ ਦੀ ਉਮਰ ਵਿੱਚ ਚੱਲਣ ਲੱਗੇ। ਸ ਫੌਜਾ ਸਿੰਘ ਨੇ ਆਪਣੇ ਜੀਵਨ ਦੇ ਮੁੱਢਲੇ ਸਾਲ ਖੇਤੀਬਾੜੀ ਦਾ ਕੰਮ ਧੰਦਾ ਕਰਨ ਵਿੱਚ ਗੁਜ਼ਾਰੇ। ਸ ਫੌਜਾ ਸਿੰਘ ਨੇ ਬੀਬਾ ਗਿਆਨ ਕੌਰ ਨਾਲ ਵਿਆਹ ਕੀਤਾ ਅਤੇ ਪੰਜਾਬ ਵਿੱਚ ਰਹਿੰਦੇ ਹੋਏ ਕਿਰਸਾਨੀ ਦੇ ਕੰਮ ਧੰਦੇ ਨੂੰ ਅਪਣਾਇਆ ਪਰ ਕੁਦਰਤੀ ਤੌਰ ਤੇ ਉਹਨਾਂ ਨੂੰ ਆਪਣੇ ਜੀਵਨ ਵਿੱਚ ਬਹੁਤ ਸਾਰੇ ਦੁੱਖਾਂ ਦਾ ਸਾਹਮਣਾ ਕਰਨਾ ਪਿਆ।ਸੰਨ 1992 ਵਿੱਚ ਉਸ ਦੀ ਪਤਨੀ ਬੀਬੀ ਗਿਆਨ ਕੌਰ ਦੀ ਮੌਤ ਹੋ ਗਈ ਜਿਸ ਦੇ ਬਾਅਦ ਉਹ ਆਪਣੇ ਪੁੱਤਰ ਦੇ ਨਾਲ ਪੂਰਬੀ ਲੰਡਨ ਆ ਗਏ। ਸੰਨ1994 ਵਿੱਚ ਸ ਫੌਜਾ ਸਿੰਘ ਨੂੰ ਆਪਣੇ ਪੰਜਵੇਂ ਪੁੱਤਰ ਕੁਲਦੀਪ ਦੀ ਵੀ ਮੌਤ ਦਾ ਸਾਹਮਣਾ ਕਰਨਾ ਪਿਆ। ਆਪਣੇ ਦੁੱਖਾਂ ਨਾਲ ਨਜਿੱਠਣ ਲਈ ਸੀ ਫੌਜਾ ਸਿੰਘ ਨੇ ਸਥਾਨਕ ਪਾਰਕਾਂ ਵਿੱਚ ਚੱਲਣ ਅਤੇ ਜੌਗਿੰਗ ਕਰਨ ਦਾ ਆਰੰਭ ਕੀਤਾ।

ਆਵਾਜ਼ਿ ਕੌਮ AWAZE QAUM International Newspaper & WEB TV

2000 ਵਿੱਚ 89 ਸਾਲ ਦੀ ਉਮਰ ਵਿੱਚ ਸ ਫੌਜਾ ਸਿੰਘ ਦਾ ਕੋਚ ਹਰਮੰਦਰ ਸਿੰਘ ਨਾਲ ਮਿਲਾਪ ਹੋਇਆ ਜਿਸ ਨੇ ਉਹਨਾਂ ਦੇ ਦੌੜਨ ਦੀ ਅਦਭੁੱਤ ਯਾਤਰਾ ਦੀ ਸ਼ੁਰੂਆਤ ਕੀਤੀ। ਆਪਣੇ ਉਸਤਾਦ ਤੋਂ ਦੌੜਾਕੀ ਦੇ ਗੁਣ ਸਿੱਖ ਕੇ ਸ ਫੌਜਾ ਸਿੰਘ ਨੇ ਲੰਡਨ ਵਿੱਚ ਆਪਣਾ ਪਹਿਲਾ ਪੂਰਾ ਮੈਰਾਥਨ ਦੌੜਿਆ, 42.195 ਕਿਮੀ ਦੀ ਦੂਰੀ 6 ਘੰਟੇ ਅਤੇ 54 ਮਿੰਟਾਂ ਵਿੱਚ ਪੂਰੀ ਕੀਤੀ। ਬਜ਼ੁਰਗ ਦੌੜਕ ਸ ਫੌਜਾਂ ਸਿੰਘ ਨੇ 90 ਸਾਲ ਅਤੇ ਇਸ ਤੋਂ ਉੱਪਰ ਦੇ ਦੌੜਾਕਾਂ ਲਈ ਦੁਨੀਆ ਭਰ ਦੇ ਬਜ਼ੁਰਗ ਦੌੜਾਕਾਂ ਦਾ ਰਿਕਾਰਡ 58 ਮਿੰਟਾਂ ਨਾਲ ਤੋੜ ਦਿੱਤਾ।

ਸੰਨ 2000 ਤੋਂ 2011 ਦੇ ਦਰਮਿਆਨ ਸ ਫੌਜਾ ਸਿੰਘ ਨੇ ਲੰਡਨ, ਟੋਰੰਟੋ, ਨਿਊਯਾਰਕ ਅਤੇ ਮੁੰਬਈ ਸਮੇਤ ਸੰਸਾਰ ਭਰ ਦੇ ਵੱਡੇ ਛੋਟੇ ਸ਼ਹਿਰਾਂ ਵਿੱਚ ਨੌਂ ਮੈਰਾਥਨ ਦੌੜਾਂ ਦੌੜੀਆਂ। ਉਹਨਾਂ ਦੇ ਭੱਜਣ ਦਾ ਸਭ ਤੋਂ ਵਧੀਆ ਸਮਾਂ 2003 ਵਿੱਚ ਟੋਰੰਟੋ ਵਿੱਚ ਆਇਆ, ਜਿੱਥੇ ਉਸ ਨੇ 5 ਘੰਟੇ ਅਤੇ 40 ਮਿੰਟਾਂ ਦਾ ਸਮਾਂ ਦਰਜ ਕੀਤਾ। ਇਹ ਰਿਕਾਰਡ ਵਡੇਰੀ ਉਮਰ ਦੇ ਦੌੜਾਕਾਂ ਲਈ ਇੱਕ ਕੀਰਤੀਮਾਨ ਸਥਾਪਿਤ ਹੋਇਆ।

16 ਅਕਤੂਬਰ 2011 ਨੂੰ 100 ਸਾਲ ਦੀ ਉਮਰ 'ਚ ਸ ਫੌਜਾ ਸਿੰਘ ਨੇ ਟੋਰੰਟੋ ਵਾਟਰਫਰੰਟ ਮੈਰਾਥਨ ਨੂੰ 8 ਘੰਟੇ 11 ਮਿੰਟ ਅਤੇ 6 ਸਕਿੰਟਾਂ ਵਿੱਚ ਪੂਰਾ ਕੀਤਾ। ਹਾਲਾਂਕਿ ਗਿਨਿਜ਼ ਵਰਲਡ ਰਿਕਾਰਡ ਨੇ ਇਸ ਪ੍ਰਾਪਤੀ ਨੂੰ ਸਰਕਾਰੀ ਤੌਰ 'ਤੇ ਪ੍ਰਮਾਣਿਤ ਨਹੀਂ ਕੀਤਾ ਕਿਉਂਕਿ ਸ ਫੌਜਾ ਸਿੰਘ ਕੋਲ ਆਪਣੀ ਉਮਰ ਦਰਸਾਉਣ ਲਈ ਜਨਮ ਸਰਟੀਫਿਕੇਟ ਨਹੀਂ ਸੀ। ਗਿਨੀਜ਼ ਵਰਲਡ ਰਿਕਾਰਡਜ਼ ਨੇ ਸ ਫੌਜਾ ਸਿੰਘ ਦੀ ਇਸ ਉਪਲਬਧੀ ਨੂੰ ਨੂੰ "ਇੱਕ ਪ੍ਰੇਰਕ ਪ੍ਰਾਪਤੀ" ਵਜੋਂ ਮੰਨਿਆ।ਸ ਫੌਜਾ ਸਿੰਘ ਨੇ ਆਪਣੇ ਜੀਵਨ ਦੇ ਸਭ ਤੋਂ ਵਧੀਆ ਪ੍ਰਦਰਸ਼ਨ ਦੌਰਾਨ ਮਾਸਟਰ ਟ੍ਰੈਕ ਮੀਟ 'ਚ ਟੋਰੰਟੋ ਵਿੱਚ 100 ਮੀਟਰ ਤੋਂ ਲੈ ਕੇ 5000 ਮੀਟਰ ਤੱਕ ਦੇ ਅੱਠ ਵਿਸ਼ਵ ਉਮਰ-ਗ੍ਰੁੱਪ ਰਿਕਾਰਡ ਸੈੱਟ ਕੀਤ ਅਤੇ ਇਸ ਦੀ ਵਿਸ਼ੇਸ਼ਤਾ ਇਹ ਸੀ ਕਿ ਇਹ ਸਾਰੇ ਰਿਕਾਰਡ ਇੱਕ ਹੀ ਦਿਨ ਵਿੱਚ ਸਥਾਪਿਤ ਹੋਏ।ਸ ਫੌਜਾ ਸਿੰਘ ਨੇ ਐਡਿਡਾਸ ਦੇ "ਇੰਪਾਸਿਬਲ ਇਜ਼ ਨਥਿੰਗ" ਮੁਹਿੰਮ ਵਿੱਚ ਡੇਵਿਡ ਬੈਕਹੈਮ ਅਤੇ ਮੁਹੰਮਦ ਅਲੀ ਵਰਗੇ ਖਿਡਾਰੀਆਂ ਦੇ ਨਾਲ ਭਾਗ ਲਿਆ। 2012 ਵਿੱਚ ਸ ਫੌਜਾ ਸਿੰਘ ਨੇ ਲੰਡਨ ਦੇ ਓਲੰਪਿਕ ਖੇਡਾਂਦੌਰਾਨ ਓਲੰਪਿਕ ਦੀ ਇਤਿਹਾਸਿਕ ਮਸ਼ਾਲ ਨੂੰ ਚੁੱਕਿਆ। ਸ ਫੌਜਾ ਸਿੰਘ ਨੂੰ 2003 ਵਿੱਚ ਐਲਿਸ ਆਈਲੈਂਡ ਮੈਡਲ ਆਫ ਹੋਨਰ ਅਤੇ 2015 ਵਿੱਚ ਖੇਡ ਅਤੇ ਚੈਰੀਟੀ ਲਈ ਬ੍ਰਿਟਿਸ਼ ਐਂਪਾਇਰ ਮੈਡਲ ਮਿਲਿਆ। ਸ ਫੌਜਾ ਸਿੰਘ ਨੇ PETA ਦੇ ਸ਼ਾਕਾਹਾਰੀ ਜਾਗਰੂਕਤਾ ਮੁਹਿੰਮ ਵਿੱਚ ਸਭ ਤੋਂ ਵਡੇਰੀ ਉਮਰ ਦੇ ਪ੍ਰਸਿੱਧ ਪ੍ਰਤੀਨਿਧੀ ਵਜੋਂ ਭਾਗ ਲਿਆ।

ਸਰਦਾਰ ਫੌਜਾ ਸਿੰਘ ਦੀ ਜੀਵਨੀ *Turbaned Tornado*, ਪ੍ਰਸਿੱਧ ਲੇਖਕ ਸਰਦਾਰ ਖੁਸ਼ਵੰਤ ਸਿੰਘ ਦੁਆਰਾ ਲਿਖੀ ਗਈ, 2011 ਵਿੱਚ ਯੂਕੇ ਹਾਊਸ ਆਫ ਲਾਰਡਜ਼ ਵਿੱਚ ਲਾਂਚ ਕੀਤੀ ਗਈ। ਬਾਦ ਵਿਚ ਸਰਦਾਰ ਫੌਜਾ ਸਿੰਘ ਦੀ ਜੀਵਨੀ 'ਤੇ ਇੱਕ ਬੋਲੀਵੁੱਡ ਫਿਲਮ ਦਾ ਐਲਾਨ ਕੀਤਾ ਗਿਆ। ਸ ਫੌਜਾ ਸਿੰਘ ਨੇ 2013 ਵਿੱਚ ਲਗਭਗ 101 ਸਾਲ ਦੀ ਉਮਰ ਵਿੱਚ ਮੁਕਾਬਲੇਬਾਜ਼ੀ ਵਾਲੀਆਂ ਦੌੜਾਂ ਤੋਂ ਸਨਿਆਸ ਲੈ ਲਿਆ।ਹਾਲਾਂਕਿ ਸ ਫੌਜਾ ਸਿੰਘ ਆਪਣੇ ਸਰੀਰ ਨੂੰ ਸੈਰ ਕਰਕੇ ਸਰਗਰਮ ਰੱਖਦਾ ਸੀ। ਫੌਜਾ ਸਿੰਘ ਸਦੈਵ ਮੈਰਾਥਨਾਂ ਦੌੜਾਂ ਨੂੰ ਸਮਰੱਥਨ ਦਿੰਦਾ ਸੀ ਅਤੇ ਸਿਹਤ ਕਾਰਜਾਂ ਨੂੰ ਉਤਸ਼ਾਹਿਤ ਕਰਦਾ ਸੀ। ਮਿਤੀ 14 ਜੁਲਾਈ 2025 ਨੂੰ ਸ ਫੌਜਾ ਸਿੰਘ ਇੱਕ ਦੁੱਖਦਾਈ ਦੁਰਘਟਨਾ ਦੌਰਾਨ ਐਕਸੀਡੈਂਟ ਦਾ ਸ਼ਿਕਾਰ ਹੋ ਗਏ। ਐਕਸੀਡੈਂਟ ਦੇ ਵਕਤ ਉਹ ਬਿਆਸ ਪਿੰਡ ਵਿੱਚ ਇੱਕ ਸੜਕ ਨੂੰ ਪਾਰ ਕਰ ਰਹੇ ਸਨ ਅਤੇ ਉਹਨਾਂ ਨੂੰ ਐਕਸੀਡੈਂਟ ਤੋਂ ਤੁਰੰਤ ਬਾਅਦ ਜਲੰਧਰ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਪਰ ਉਹ ਆਪਣੇ ਜ਼ਖਮਾਂ ਦੀ ਤਾਬ ਨਾ ਚਲਦੇ ਹੋਏ ਕਾਰਨ ਸਵਰਗ ਸੁਧਾਰ ਗਏ ਗਏ। ਉਹਨਾਂ ਦੀ ਬੇਵਕਤੀ ਮੌਤ ਸਮੇਂ ਦੁਨੀਆ ਭਰ ਦੇ ਨੇਤਾਵਾਂ, ਖਿਡਾਰੀਆਂ, ਵਿਸ਼ਵ ਪ੍ਰਸਿੱਧ ਹਸਤੀਆਂ ਨੇ ਸ਼ਰਧਾਂਜਲੀਆਂ ਪ੍ਰਧਾਨ ਭਰੀਆਂ। ਯੂਕੇ ਵਿੱਚ ਉਸ ਦੇ ਦੌੜਾਕ ਕਲੱਬ ਸਿੱਖਸ ਇਨ ਦਾ ਸਿਟੀ ਨੇ ਐਲਾਨ ਕੀਤਾ ਕਿ ਇਲਫੋਰਡ ਵਿੱਚ ਆਉਣ ਵਾਲੀਆਂ ਘਟਨਾਵਾਂ ਉਸ ਦੀ ਯਾਦ ਨੂੰ ਸਮਰਪਿਤ ਕਰਨਗੀਆਂ। ਫੌਜਾ ਸਿੰਘ ਦੀ ਅਦਭੁੱਤ ਯਾਤਰਾ ਨੇ ਦੁਨੀਆ ਭਰ ਦੇ ਕਰੋੜਾਂ ਲੋਕਾਂ ਨੂੰ ਉਤਸ਼ਾਹਿਤ ਕੀਤਾ। ਉਸ ਨੇ ਇਹ ਸਾਬਤ ਕੀਤਾ ਕਿ ਉਮਰ ਕੇਵਲ ਇੱਕ ਅੰਕ ਹੈ; ਮਨੋਭਾਵਨਾ, ਉਦੇਸ਼ ਅਤੇ ਧੀਰਜ ਨਾਲ ਇਨਸਾਨ ਜੀਵਨ ਦੇ ਵੱਡੇ ਤੋਂ ਵੱਡੇ ਮੁਕਾਮ ਹਾਸਿਲ ਕਰ ਸਕਦਾ ਹੈ।



**-ਸੁਰਿੰਦਰਪਾਲ ਸਿੰਘ, ਵਿਗਿਆਨ ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ।**

### ਅਧਿਆਪਕ ਦੇ ਸੇਵਾ ਮੁਕਤ ਹੋਣ 'ਤੇ

# ਸਕੂਲ ਸਟਾਫ ਨੇ ਕੀਤਾ ਵਿਸ਼ੇਸ਼ ਸਨਮਾਨ



**ਚੌਂਕ ਮਹਿਤਾ, 15 ਜੁਲਾਈ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸ਼ਹੀਦ ਇੰਸਪੈਕਟਰ ਰਘਬੀਰ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਠਿਆਲਾ ਵਿਖੇ ਲੈਕਚਰਾਰ ਜਸਵਿੰਦਰ ਸਿੰਘ (ਕਾਮਰਸ) ਨੂੰ ਸਮੂਹ ਸਕੂਲ ਸਟਾਫ ਦੇ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਦਰਅਸਲ ਲੈਕ. ਜਸਵਿੰਦਰ ਸਿੰਘ ਦੁਆਰਾ ਲਗਾਤਾਰ 33 ਸਾਲ ਸੇਵਾਵਾਂ ਨਿਭਾਉਣ ਉਪਰੰਤ ਸੇਵਾ ਮੁਕਤ ਹੋਣ ਮੌਕੇ ਸਕੂਲ ਵੱਲੋਂ ਇਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਸੀ। ਸ੍ਰੀ ਨਰਿੰਦਰ ਕੁਮਾਰ ਧੀਰ ਨੇ ਦੱਸਿਆ ਕਿ ਲੈਕ. ਜਸਵਿੰਦਰ ਸਿੰਘ ਬੱਦੋਵਾਲ ਹਮੇਸ਼ਾਂ ਗਰੀਬ ਵਿਦਿਆਰਥੀਆ ਦੀ ਸਹਾਇਤਾ ਕਰਿਆ ਕਰਦੇ ਸਨ।ਕਿਉਂਕਿ ਆਰਥਿਕ ਪਖੋ ਕਮਜੋਰ ਵਿਦਿਆਰਥੀਆਂ ਦੀ ਸਹਾਇਤਾ ਕਰਕੇ ਉਨ੍ਹਾ ਨੂੰ ਬਹੁਤ ਸਕੂਨ ਮਹਿਸੂਸ ਹੁੰਦਾ ਸੀ। ਇਸ ਸਮੇਂ ਸ਼੍ਰੀ ਰਾਜ ਕੁਮਾਰ ਨੇ ਉਨਾਂ ਦੇ ਕਾਰਜਕਾਲ ਦੀ ਸ਼ਲਾਘਾ ਕਰਦਿਆ ਆਖਿਆ ਕਿ

ਜਸਵਿੰਦਰ ਸਿੰਘ ਬੱਦੋਵਾਲ ਨੇ ਲਗਾਤਾਰ 18 ਸਾਲ ਇਕ ਹੀ ਸਕੂਲ ਵਿੱਚ ਅਧਿਆਪਕ ਵੱਜੋ ਸੇਵਾਵਾਂ ਦਿੱਤੀਆਂ, ਜਿਸ ਦੌਰਾਨ ਉਹ ਆਪਣੇ ਵਿਸ਼ੇ ਦੇ ਵਿਦਿਆਰਥੀਆਂ ਨੂੰ ਸਿੱਖਿਆ ਦੇਣ ਨੂੰ ਪੂਰੀ ਤਰਾਂ ਸਮਰਪਿਤ ਰਹੇ। ਇਸ ਮੌਕੇ ਲੈਕ. ਜਸਵਿੰਦਰ ਸਿੰਘ ਦੀ ਪਤਨੀ ਸੁਖਜੀਤ ਕੌਰ, ਭਰਾ ਜਸਪਾਲ ਸਿੰਘ, ਸ਼੍ਰੀ ਸੰਜੀਵ ਕੁਮਾਰ, ਸ੍ਰੀ ਪ੍ਰਸ਼ਾਤ, ਜਰਮਨਜੀਤ ਸਿੰਘ, ਅਸ਼ਵਨੀ ਅਵਸਥੀ, ਵਿਜੇ ਕੁਮਾਰੀ, ਸਕੂਲ਼ ਇੰਚਾਰਜ ਪ੍ਰਿੰਸੀਪਲ ਸਿਮਰਨਜੀਤ ਕੌਰ, ਮੁੱਖ ਅਧਿਆਪਕ ਭਾਬੀ ਪੁਸ਼ਿਪੰਦਰ ਕੌਰ ਲੈਕ. ਮੈਥ, ਭੈਣ ਮਨਦੀਪ ਕੌਰ ਐੱਮ. ਏ. ਬੀ. ਐਡ., ਸਹੁਰਾ ਸਾਹਿਬ ਮੁਖਤਾਰ ਸਿੰਘ, ਸਕੂਲ਼ ਦੇ ਪ੍ਰਿੰਸੀਪਲ ਦੀਪਇੰਦਰ ਸਿੰਘ, ਰਜਿੰਦਰ ਸਿੰਘ, ਮੈਡਮ ਭਾਨੂ ਕਲਸੀ, ਭੀਮ ਖਾਨ, ਨਰਿੰਦਰ ਸਿੰਘ, ਸ੍ਰੀਮਤੀ ਜਸਦੀਪ ਕੌਰ, ਸ੍ਰੀਮਤੀ ਸੁਖਬੀਰ ਕੌਰ, ਬਲਜਿੰਦਰ ਸਿੰਘ. ਸ੍ਰੀਮਤੀ ਗਗਨਦੀਪ ਕੌਰ, ਹਰਵਿੰਦਰ ਸਿੰਘ, ਅਮਰਬੀਰ ਸਿੰਘ, ਸਤਿੰਦਰ ਸਿੰਘ, ਮਨਮੋਹਨ ਸਿੰਘ, ਗੁਰਪ੍ਰੀਤ ਸਿੰਘ, ਸੁਖਮਿੰਦਰ ਸਿੰਘ, ਅਵਤਾਰ ਕੌਰ, ਹਰਪ੍ਰੀਤ ਕੌਰ, ਮਨਦੀਪ ਕੌਰ, ਰਵਿੰਦਰਜੀਤ ਕੌਰ, ਸ. ਮਨਮੋਹਨ ਸਿੰਘ, ਗੁਰਪ੍ਰੀਤ ਸਿੰਘ, ਸੁਖਮਿੰਦਰ ਸਿੰਘ, ਅਵਤਾਰ ਕੌਰ, ਹਰਪ੍ਰੀਤ ਕੌਰ, ਮਨਦੀਪ ਕੌਰ, ਰਵਿੰਦਰਜੀਤ ਕੌਰ, ਮੋਹਨ ਸਿੰਘ, ਹਰਜੀਤ ਸਿੰਘ, ਸੁਖਜੀਤ ਕੌਰ, ਜਤਿੰਦਰ ਕੌਰ, ਮੈਡਮ ਹਰਪ੍ਰੀਤ ਕੌਰ, ਸਨ ਡਵੀਜਨ ਬਾਬਾ ਬਕਾਲਾ ਸਾਹਿਬ ਦੇ ਪ੍ਰਧਾਨ ਸਲਿੰਦਰਜੀਤ ਸਿੰਘ ਰਾਜਨ, ਧਰਮਿੰਦਰ ਸਿੰਘ ਭੰਮਰਾ, ਪ੍ਰਧਾਨ ਕੈਪਟਨ ਸਿੰਘ ਮਹਿਤਾ, ਮਨਜੀਤ ਸਿੰਘ ਵਸੀ, ਪ੍ਰਿੰਸੀ. ਹਰਗੋਪਾਲ ਸਿੰਘ, ਦਲਬੀਰ ਸਿੰਘ, ਜੋਗਿੰਦਰ ਕੌਰ, ਸੁਖਵਿੰਦਰ ਕੌਰ, ਰਜਿੰਦਰ ਸਿੰਘ, ਮਨਜੋਤ ਸਿੰਘ, ਰਵਨੀਤ ਕੌਰ, ਹਰਦਮਨਦੀਪ ਕੌਰ, ਸਤਿਅਮ ਕੁਮਾਰ, ਅਭੇ ਵੋਹਰਾ, ਸ੍ਰੀਮਤੀ ਨੇਹਾ ਸ਼ਰਮਾ, ਦਲਜੀਤ ਕੌਰ, ਧਰਮਵੀਰ ਸਿੰਘ ਆਦਿ ਹਾਜ਼ਰ ਸਨ।

### ਥਾਣਾ ਜੰਡਿਆਲਾ ਗੁਰੂ ਪੁਲਿਸ ਨੇ ਵੱਖ-ਵੱਖ ਮਾਮਲਿਆਂ 'ਚ

# 6 ਅਰੋਪੀਆ ਨੂੰ ਕੀਤਾ ਗ੍ਰਿਫਤਾਰ ਦਾਤਰ ਦੀ ਨੋਕ ਤੇ ਕਰਦੇ ਸਨ ਲੁੱਟਖੋਹ



ਜੰਡਿਆਲਾ ਗੁਰੂ 15 ਜੁਲਾਈ ( ਕੁਲਵੰਤ ਸਿੰਘ ਵਿਰਦੀ ) ਪੰਜਾਬ ਸਰਕਾਰ ਵੱਲੋਂ ਚਲਾਈ ਗਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਦੇ ਤਹਿਤ ਐਸ ਐਸ ਪੀ ਅੰਮ੍ਰਿਤਸਰ ਦਿਹਾਤੀ ਮਨਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤੇ ਡੀ ਐਸ ਪੀ ਰਵਿੰਦਰ ਸਿੰਘ ਤੇ ਥਾਣਾ ਇੰਚਾਰਜ ਐਸ ਐਚ ਓ ਹਰਚੰਦ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅੱਜ ਜੰਡਿਆਲਾ ਗੁਰੂ ਪੁਲਿਸ ਨੂੰ ਓਸ ਵੇਲੇ ਵੱਡੀ ਕਾਮਯਾਬੀ ਮਿਲੀ ਜਦੋਂ ਓਹਨਾ ਨੇ ਵੱਖ ਵੱਖ ਮਾਮਲਿਆ ਵਿੱਚ 6 ਨਸਾ ਤਸਕਰਾਂ ਨੂੰ ਕਾਬੂ ਕੀਤਾ ਗਿਆ ਇਸ ਵਿੱਚ ਨਸਾ ਵੇਚਣ ਵਾਲੇ ਤੇ ਜਿੰਨਾ ਕੋਲੋ ਇਹ ਨਸ਼ਾ ਤਸਕਰ ਨਸ਼ਾ ਲੈਕੇ ਅੱਗੇ ਵੇਚਦੇ ਸਨ ਓਹਨਾ ਨੂੰ ਗ੍ਰਿਫਤਾਰ ਕੀਤਾ ਗਿਆ ਇਸ ਵਿੱਚ ਇੱਕ ਜਲੰਧਰ ਨਿਵਾਸੀ ਸਾਹਿਲ ਕੁਮਾਰ ਜੋਂ ਕਿ ਨਸ਼ੇ ਦਾ ਆਦੀ ਹੈ ਅਤੇ ਭੋਲੇ ਭਾਲੇ ਲੋਕਾ ਦੇ ਏਟੀਐਮ ਬਦਲ ਕੇ ਲੋਕਾ ਨਾਲ ਠੱਗੀ ਮਾਰਦਾ ਸੀ ਨੂੰ ਕਾਬੂ ਕੀਤਾ ਗਿਆ ਜਿਸ ਵਿਚ ਇਹ ਦੋਸ਼ੀ ਦਾਤਰ ਦੀ ਨੋਕ ਤੇ ਲੋਕਾ ਨੂੰ ਲੁੱਟਦਾ ਸੀ ਤੇ ਨਾਲ ਹੀ ਏਟੀਐਮ ਵਿੱਚ ਵੜ ਕਿ ਪੈਸੇ ਕਢਵਾਉਣ ਆਏ ਲੋਕਾ ਦੇ ਪਾਸਵਰਡ ਦੇਖਕੇ ਓਹਨਾ ਦੇ ਏਟੀਐਮ ਬਦਲ ਕੇ ਕਿਸੇ ਦੂਸਰੇ ਬੈਂਕਾਂ ਵਿਚ ਜਾ ਕੇ ਪੈਸੇ ਕਢਵਾ ਲੈਂਦਾ ਸੀ ਜਿਸਨੂੰ ਰੰਗੇ ਹੱਥੀ ਫੜਿਆ ਗਿਆ ਫੜੇ ਗਏ ਅਰੋਪਿਆ ਤੇ ਪਹਿਲਾ ਵੀ ਕਈ ਮੁਕਦਮੇ ਦਰਜ ਹਨ ਏਟੀਐਮ ਬਦਲ ਕੇ ਠੱਗੀ ਮਾਰਨ ਵਾਲੇ ਅਰੋਪੀ ਕੋਲੋਂ 35-40 ਦੇ ਕਰੀਬ ਵੱਖ ਵੱਖ ਬੈਂਕਾਂ ਦੇ ਏਟੀਐਮ ਤੇ ਹੋਰ ਕਾਰਡ ਵੀ ਬਰਾਮਦ ਕੀਤੇ ਗਏ ਹਨ ਇਥੇ ਥਾਣਾ ਇੰਚਾਰਜ ਐਸ ਐਚ ਓ ਹਰਚੰਦ ਸਿੰਘ ਨੇ ਦੱਸਿਆ ਕਿ ਇਹ ਭੋਲੇ ਭਾਲੇ ਲੋਕਾਂ ਦੇ ਏਟੀਐਮ ਤੋਂ ਕਢਵਾਏ ਗਏ ਪੈਸਿਆਂ ਨਾਲ ਨਸ਼ਾ ਕਰਦਾ ਸੀ !ਜਿਸ ਵਿੱਚ ਇਸ ਅਰੋਪੀ ਵੱਲੋਂ ਗੁਨਾਹ ਕਬੂਲ ਕੀਤਾ ਗਿਆ ਹੈ ਕਿ ਉਸਨੇ ਤਕਰੀਬਨ 35 ਤੋਂ 40 ਬਾਰ ਲੋਕਾਂ ਨਾਲ ਠੱਗੀ ਮਾਰੀ ਹੈ ਅਤੇ ਲੱਖਾਂ ਰੁਪਏ ਚਿਟਾ ਪੀ ਕੇ ਖ਼ਤਮ ਕਰ ਦਿੱਤੇ ਹਨ !ਇਨਾਂ ਅਰੋਪੀਆ ਉਪਰ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਇਨਾਂ ਦਾ ਰਿਮਾਂਡ ਲਿਆ ਜਾਵੇਗਾ ਅਤੇ ਹੋਰ ਵੀ ਤੱਥ ਸਾਹਮਣੇ ਲਿਆਂਦੇ ਜਾਣਗੇ।

# ਟਰਬਨ ਟੋਰਨਾਡੋ ਫੌਜਾ ਸਿੰਘ ਦੀ ਯਾਦ ਵਿੱਚ ਬਣੇਗਾ ਸਪੋਰਟਸ ਕੰਪਲੈਕਸ: ਵਿਕਰਮਜੀਤ ਸਿੰਘ ਸਾਹਨੀ

ਨਵੀਂ ਦਿੱਲੀ 15 ਜੁਲਾਈ (ਮਨਪ੍ਰੀਤ ਸਿੰਘ ਖਾਲਸਾ):-ਪੰਜਾਬ ਤੋਂ ਰਾਜ ਸਭਾ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਵੈਟਰਨ ਮੈਰਾਥਨ ਦੌੜਾਕ ਟਰਬਨ ਟੋਰਨਾਡੋ ਫੌਜਾ ਸਿੰਘ, ਜਿਨ੍ਹਾਂ ਦਾ ਕੱਲ੍ਹ ਦੇਹਾਂਤ ਹੋ ਗਿਆ ਸੀ, ਦੀ ਯਾਦ ਵਿੱਚ ਇੱਕ ਰਨਿੰਗ ਟਰੈਕ ਅਤੇ ਖੇਡ ਦੇ ਮੈਦਾਨਾਂ ਵਾਲਾ ਇੱਕ ਸਪੋਰਟਸ ਕੰਪਲੈਕਸ ਸਥਾਪਤ ਕਰਨ ਲਈ 50 ਲੱਖ ਰੁਪਏ ਦੀ ਗ੍ਰਾਂਟ ਦੇਣ ਦਾ ਐਲਾਨ ਕੀਤਾ। ਡਾ. ਸਾਹਨੀ ਨੇ ਇਹ ਵੀ ਐਲਾਨ ਕੀਤਾ ਕਿ ਸਪੋਰਟਸ ਕਾਲਜ ਜਲੰਧਰ ਵਿੱਚ 400 ਮੀਟਰ ਐਥਲੈਟਿਕ ਟਰੈਕ ਨੂੰ ਰੀਟ੍ਰੋਫਿਟ ਕੀਤਾ ਜਾਵੇਗਾ ਅਤੇ ਇਸਦਾ ਨਾਮ ਫੌਜਾ ਸਿੰਘ ਦੇ ਨਾਮ 'ਤੇ ਰੱਖਿਆ ਜਾਵੇਗਾ, ਜਿਸਨੇ 100 ਸਾਲ ਦੀ ਉਮਰ ਤੋਂ ਬਾਅਦ ਵੀ 50 ਕਿਲੋਮੀਟਰ ਦੀਆਂ ਵੱਖ-ਵੱਖ ਗਲੋਬਲ ਮੈਰਾਥਨ ਦੌੜ ਕੇ ਇੱਕ ਮਿਸਾਲ ਕਾਇਮ ਕੀਤੀ ਹੈ। ਡਾ. ਸਾਹਨੀ ਨੇ ਆਪਣੇ ਵਿਸ਼ਵ ਪੰਜਾਬੀ ਸੰਗਠਨ ਦੁਆਰਾ ਆਯੋਜਿਤ ਵੱਖ-ਵੱਖ ਵਿਸਾਖੀ ਸੁਪਰ ਸਿੱਖ ਮੈਰਾਥਨਾਂ ਵਿੱਚ ਫੌਜਾ ਸਿੰਘ ਦੀ ਮੌਜੂਦਗੀ ਨੂੰ ਯਾਦ ਕੀਤਾ। ਡਾ. ਸਾਹਨੀ ਨੇ ਕਿਹਾ ਕਿ ਫੌਜਾ ਸਿੰਘ ਸਾਡੇ ਨੌਜਵਾਨਾਂ ਅਤੇ ਬਜ਼ੁਰਗਾਂ ਲਈ ਹਮੇਸ਼ਾ ਤੰਦਰੁਸਤ ਰਹਿਣ ਲਈ ਇੱਕ ਮਹਾਨ ਪ੍ਰੇਰਨਾ ਹਨ।




# ਰੇਖਾ ਗੁਪਤਾ ਸਰਕਾਰ ਵੱਲੋਂ ਘੱਟ ਗਿਣਤੀਆਂ ਵਿਦਿਆਰਥੀਆਂ ਦੀ ਦੋ ਸਾਲਾਂ ਦੀ ਟਿਊਸ਼ਨ ਫੀਸ ਦੀ ਰਾਸ਼ੀ ਰੀਇੰਬਰਸਮੈਂਟ ਸਕੀਮ ਤਹਿਤ ਜਾਰੀ: ਜਸਵਿੰਦਰ ਸਿੰਘ ਜੌਲੀ



ਨਵੀਂ ਦਿੱਲੀ, 15 ਜੁਲਾਈ (ਮਨਪ੍ਰੀਤ ਸਿੰਘ ਖਾਲਸਾ): ਦਿੱਲੀ ਦੀ ਰੇਖਾ ਗੁਪਤਾ ਸਰਕਾਰ ਨੇ ਘੱਟ ਗਿਣਤੀਆਂ ਦੇ ਵਿਦਿਆਰਥੀਆਂ ਲਈ ਬਣਾਈ ਫੀਸ ਰੀਇੰਬਰਸਮੈਂਟ ਸਕੀਮ ਦੀ ਪਿਛਲੇ ਦੋ ਸਾਲਾਂ ਦੀ ਰੁਕੀ ਹੋਈ ਰਾਸ਼ੀ ਜਾਰੀ ਕਰ ਦਿੱਤੀ ਹੈ। ਇਹ ਰਾਸ਼ੀ ਸਾਲ 2022-23 ਅਤੇ 2023-24 ਲਈ ਜਾਰੀ ਕੀਤੀ ਗਈ ਹੈ। ਇਹ ਜਾਣਕਾਰੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਘੱਟ ਗਿਣਤੀ ਸੈਲ ਦੇ ਚੇਅਰਮੈਨ ਸਰਦਾਰ ਜਸਵਿੰਦਰ ਸਿੰਘ ਜੌਲੀ ਨੇ ਦਿੱਤੀ। ਜਾਰੀ ਕੀਤੇ ਇਕ ਬਿਆਨ ਵਿਚ ਸਰਦਾਰ ਜਸਵਿੰਦਰ ਸਿੰਘ ਜੌਲੀ ਨੇ ਕਿਹਾ ਕਿ ਦਿੱਲੀ ਦੀ ਪਿਛਲੀ ਆਪ ਸਰਕਾਰ ਨੇ ਦੋ ਸਾਲਾਂ ਤੋਂ ਇਹ ਰਾਸ਼ੀ ਰੋਕੀ ਹੋਈ ਸੀ। ਉਹਨਾਂ ਦੱਸਿਆ ਕਿ ਹੁਣ ਰੇਖਾ ਗੁਪਤਾ ਸਰਕਾਰ ਨੇ ਇਹ ਰਾਸ਼ੀ ਜਾਰੀ ਕਰ ਦਿੱਤੀ ਹੈ ਤੇ ਇਸ ਵਿਚ ਕੈਬਨਿਟ ਮੰਤਰੀ ਸਰਦਾਰ ਮਨਜਿੰਦਰ ਸਿੰਘ ਸਿਰਸਾ ਨੇ ਅਹਿਮ ਭੂਮਿਕਾ ਅਦਾ ਕੀਤੀ ਹੈ। ਉਹਨਾਂ ਕਿਹਾ ਕਿ ਅਸੀਂ ਕਮੇਟੀ ਵੱਲੋਂ ਮੁੱਖ ਮੰਤਰੀ ਸ੍ਰੀਮਤੀ ਰੇਖਾ ਗੁਪਤਾ ਅਤੇ ਕੈਬਨਿਟ ਮੰਤਰੀ ਸਰਦਾਰ ਮਨਜਿੰਦਰ ਸਿੰਘ ਸਿਰਸਾ ਦੇ ਧੰਨਵਾਦੀ ਹਾਂ ਜਿਹਨਾਂ ਨੇ ਘੱਟ ਗਿਣਤੀ ਵਿਦਿਆਰਥੀਆਂ ਲਈ ਇਹ ਉਪਰਾਲਾ ਕੀਤਾ ਹੈ।ਉਹਨਾਂ ਇਹ ਵੀ ਕਿਹਾ ਕਿ ਇਸ ਫੈਸਲੇ ਨਾਲ ਸਿੱਖ ਭਾਈਚਾਰੇ ਵਿਚ ਖੁਸ਼ੀ ਦੀ ਲਹਿਰ ਹੈ ਤੇ ਇਹ ਭਰੋਸਾ ਵਧਾਉਣ ਵਾਲਾ ਕਦਮ ਹੈ। ਸਰਦਾਰ ਜੌਲੀ ਨੇ ਦਿੱਲੀ ਦੇ ਸਾਰੇ ਸਿੱਖ ਪਰਿਵਾਰਾਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਦੀ ਸਾਲ 2024-25 ਲਈ ਫੀਸ ਰੀਇੰਬਰਸਮੈਂਟ ਵਾਸਤੇ ਅਪਲਾਈ ਜ਼ਰੂਰ ਕਰਨ ਜਿਸ ਵਾਸਤੇ 31 ਜੁਲਾਈ ਆਖ਼ਰੀ ਤਾਰੀਕ ਹੈ। ਉਹਨਾਂ ਇਹ ਵੀ ਦੱਸਿਆ ਕਿ ਸਕੀਮ ਦੀ ਸ਼ਰਤਾਂ ਮੁਤਾਬਕ ਪਰਿਵਾਰ ਦੀ ਸਾਲਾਨਾ ਆਮਦਨ 3 ਲੱਖ ਰੁਪਏ ਤੋਂ ਘੱਟ ਹੋਣੀ ਚਾਹੀਦੀ ਹੈ, ਵਿਦਿਆਰਥੀ ਨੇ ਸੈਸ਼ਨ 2022-2023 ਵਿੱਚ ਘੱਟੋ-ਘੱਟ 50% ਅੰਕ ਹਾਸਲ ਕੀਤੇ ਹੋਣੇ ਚਾਹੀਦੇ ਹਨ ਅਤੇ ਘੱਟੋ-ਘੱਟ 70% ਹਾਜ਼ਰੀ ਹੋਣੀ ਚਾਹੀਦੀ ਹੈ। ਉਹਨਾਂ ਨੇ ਸਰਕਾਰ ਨੂੰ ਇਹ ਵੀ ਅਪੀਲ ਕੀਤੀ ਕਿ ਅਪਲਾਈ ਕਰਨ ਦੀ ਤਾਰੀਕ 31 ਅਗਸਤ ਤੱਕ ਵਧਾਈ ਜਾਵੇ ਤਾਂ ਜੋ ਹੋਰ ਵੀ ਹੱਕਦਾਰ ਇਸ ਯੋਜਨਾ ਦਾ ਲਾਭ ਲੈ ਸਕਣ। ਇਹ ਸਕੀਮ ਦਿੱਲੀ ਦੇ ਸਭ ਪ੍ਰਾਈਵੇਟ ਸਕੂਲਾਂ 'ਚ ਲਾਗੂ ਹੈ। ਉਹਨਾਂ ਦੱਸਿਆ ਕਿ ਇਸ ਤੋਂ ਇਲਾਵਾ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਆਉਣ ਵਾਲੇ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਅਤੇ ਹੋਰ ਖਾਲਸਾ ਸਕੂਲਾਂ ਵਿੱਚ ਮਾਇਨੋਰਟੀ ਸਕੀਮਾਂ ਲਈ ਨੋਡਲ ਅਫਸਰਾਂ ਦੀ ਨਿਯੁਕਤੀ ਕੀਤੀ ਹੋਈ ਹੈ ਜੇ ਕਿਸੇ ਵੀ ਵਿਅਕਤੀ ਨੂੰ ਸਹਾਇਤਾ ਦੀ ਲੋੜ ਹੋਵੇ, ਤਾਂ ਉਹ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦੀ ਕਿਸੀ ਵੀ ਬ੍ਰਾਂਚ ਜਾਂ ਕਮੇਟੀ ਦੇ ਘੱਟ ਗਿਣਤੀ ਸੈੱਲ ਨਾਲ ਸੰਪਰਕ ਕਰ ਸਕਦੇ ਹਨ।

# ਝੂਠੇ ਪੁਲਿਸ ਮੁਕਾਬਲੇ ਬੰਦ ਹੋਣ, ਐਸਜੀਪੀਸੀ ਦੀਆਂ ਚੋਣਾਂ ਦਾ ਤੁਰੰਤ ਐਲਾਨ ਹੋਵੇ, ਖਾਲਿਸਤਾਨ ਦੀ ਜੱਦੋ-ਜਹਿਦ ਜਾਰੀ ਰੱਖੀ ਜਾਵੇਗੀ : ਬੀਬੀ ਜੈਤੋ



**ਫ਼ਤਹਿਗੜ੍ਹ ਸਾਹਿਬ, 15 ਜੁਲਾਈ (ਮਨਪ੍ਰੀਤ ਸਿੰਘ ਖਾਲਸਾ)**:- ਪੰਜਾਬ ਵਿਚ ਜੋ ਮੌਜੂਦਾ ਪੰਜਾਬ ਸਰਕਾਰ ਅਤੇ ਪੁਲਿਸ ਵੱਲੋ ਬੀਤੇ ਸਮੇ ਦੇ ਦੁਖਾਂਤ ਨੂੰ ਫਿਰ ਦੁਹਰਾਉਦੇ ਹੋਏ ਜੋ ਪੰਜਾਬੀ ਅਤੇ ਸਿੱਖ ਨੌਜਵਾਨੀ ਦੇ ਝੂਠੇ ਪੁਲਿਸ ਮੁਕਾਬਲਿਆ ਵਿਚ ਮਾਰਨ ਦੇ ਦੁੱਖਦਾਇਕ ਅਮਲ ਸੁਰੂ ਕਰ ਦਿੱਤੇ ਗਏ ਹਨ, ਇਸ ਵਰਤਾਰੇ ਦੀ ਸਖਤ ਸ਼ਬਦਾਂ ਵਿਚ ਜਿਥੇ ਜੋਰਦਾਰ ਨਿਖੇਧੀ ਕੀਤੀ ਗਈ, ਉਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਬੀਤੇ 16 ਸਾਲਾਂ ਤੋ ਮੰਦਭਾਵਨਾ ਅਧੀਨ ਹੁਕਮਰਾਨਾਂ ਵੱਲ ਰੋਕੀਆ ਗਈਆ ਚੋਣਾਂ ਦਾ ਤੁਰੰਤ ਐਲਾਨ ਕਰਨ ਦੇ ਨਾਲ-ਨਾਲ ਪਾਰਟੀ ਦੇ ਕੌਮੀ ਮਿਸਨ ਖਾਲਿਸਤਾਨ ਲਈ ਨਿਰੰਤਰ ਦ੍ਰਿੜਤਾ ਨਾਲ ਬੀਬੀਆ ਵੱਲੋ ਵੀ ਜੱਦੋ ਜਹਿਦ ਵਿਚ ਯੋਗਦਾਨ ਪਾਉਣ ਦਾ ਪ੍ਰਣ ਕੀਤਾ ਗਿਆ। ਇਹ ਫੈਸਲੇ ਅੱਜ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਇਸਤਰੀ ਵਿੰਗ ਦੀ ਪ੍ਰਧਾਨ ਬੀਬੀ ਰਜਿੰਦਰ ਕੌਰ ਜੈਤੋ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਪੰਜਾਬ ਦੀਆਂ ਸੈਂਟਰ ਦੀਆਂ ਅਹੁਦੇਦਾਰ ਬੀਬੀਆ ਤੇ ਜ਼ਿਲ੍ਹਾ ਪ੍ਰਧਾਨ ਬੀਬੀਆ ਦੀ ਇਕ ਹੋਈ ਸੰਜੀਦਾ ਮੀਟਿੰਗ ਵਿਚ ਉਭਰਕੇ ਸਾਹਮਣੇ ਆਏ । ਇਸ ਮੀਟਿੰਗ ਵਿਚ ਸਮੁੱਚੀਆ ਬੀਬੀਆ ਨੇ ਇਕ ਆਵਾਜ ਵਿਚ ਇਹ ਵੀ ਮਤਾ ਪਾਸ ਕੀਤਾ ਕਿ ਜੋ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਭਰਤੀ ਮੁਹਿੰਮ ਚੱਲ ਰਹੀ ਹੈ, ਉਸ ਵਿਚ ਸਮੁੱਚੀਆਂ ਬੀਬੀਆ ਪਿੰਡ, ਸ਼ਹਿਰ ਪੱਧਰ ਤੱਕ ਤੇ ਮੁਹੱਲੇ, ਗਲੀਆ ਤੱਕ ਬੀਬੀਆ ਦੀ ਜੋਰਦਾਰ ਭਰਤੀ ਕਰਨ ਦੀਆਂ ਜਿੰਮੇਵਾਰੀਆ ਪੂਰਨ ਕਰਨਗੀਆ ।ਬੀਬੀਆ ਨੇ ਇਕ ਮਤੇ ਵਿਚ ਕਿਸਾਨਾਂ, ਬੇਰੁਜਗਾਰਾਂ ਨੂੰ ਦਰਪੇਸ ਆ ਰਹੇ ਮਸਲਿਆ ਨੂੰ ਫੌਰੀ ਹੱਲ ਕਰਨ ਦੀ ਮੰਗ ਕਰਦੇ ਹੋਏ ਨਸਿਆ ਖਿਲਾਫ ਚੱਲ ਰਹੀ ਮੁਹਿੰਮ ਵਿਚ ਯੋਗਦਾਨ ਪਾਉਣ ਅਤੇ ਇਥੋ ਦੇ ਨਿਵਾਸੀਆ ਦੀ ਚੰਗੀ ਸਿਹਤ ਲਈ ਸਰਕਾਰ ਵੱਲੋ ਤੁਰੰਤ ਸਹੂਲਤਾਂ ਪ੍ਰਦਾਨ ਕਰਨ ਦੀ ਜੋਰਦਾਰ ਮੰਗ ਕੀਤੀ । ਜਿਥੇ ਝੂਠੇ ਪੁਲਿਸ ਮੁਕਾਬਲਿਆ ਦੀ ਸਖਤ ਨਿੰਦਾ ਕੀਤੀ ਗਈ, ਉਥੇ ਪੰਜਾਬ ਵਿਚ ਵਿਗੜਦੀ ਜਾ ਰਹੀ ਕਾਨੂੰਨੀ ਵਿਵਸਥਾਂ ਨੂੰ ਫੋਰੀ ਸਹੀ ਕਰਨ ਅਤੇ ਹਾਲਾਤ ਵਿਸਫੋਟਕ ਬਣਨ ਤੋ ਪਹਿਲੇ ਇਸ ਉਤੇ ਕਾਬੂ ਪਾਉਣ ਦੀ ਗੱਲ ਕਰਦੇ ਹੋਏ ਰਹਿੰਦੀਆ ਕਮੀਆ ਨੂੰ ਦੂਰ ਕਰਕੇ ਪੰਜਾਬੀਆ ਨੂੰ ਇਨਸਾਫ ਦੇਣ ਦੀ ਵੀ ਗੱਲ ਕੀਤੀ ਗਈ ।ਅੱਜ ਦੀ ਮੀਟਿੰਗ ਵਿਚ ਬੀਬੀ ਰਜਿੰਦਰ ਕੌਰ ਜੈਤੋ ਤੋ ਇਲਾਵਾ, ਰਛਪਿੰਦਰ ਕੌਰ ਗਿੱਲ, ਮਨਦੀਪ ਕੌਰ ਸੰਧੂ ਮੀਤ ਪ੍ਰਧਾਨ, ਹਰਪਾਲ ਕੌਰ ਜਰਨਲ ਸਕੱਤਰ, ਦਿਲਪ੍ਰੀਤ ਕੌਰ ਮੀਡੀਆ ਇੰਨਚਾਰਜ, ਕੁਲਵਿੰਦਰ ਕੌਰ, ਸੁਖਜੀਤ ਕੌਰ, ਬਲਜਿੰਦਰ ਕੌਰ ਸੰਧੂ, ਮਨਦੀਪ ਕੌਰ ਅੰਮ੍ਰਿਤਸਰ, ਜਸਵਿੰਦਰ ਕੌਰ, ਕਰਮਜੀਤ ਕੌਰ, ਤੇਜ ਕੌਰ, ਬਲਜਿੰਦਰ ਕੌਰ, ਜਸਵੀਰ ਕੌਰ ਫਿਰੋਜਪੁਰ, ਸੁਰਿੰਦਰ ਕੌਰ ਹੁਸਿਆਰਪੁਰ, ਰਮਨਦੀਪ ਕੌਰ ਅੰਮ੍ਰਿਤਸਰ, ਬਲਜੀਤ ਕੌਰ ਸੰਗਰੂਰ, ਗੁਰਜੀਤ ਕੌਰ, ਸਰਬਜੀਤ ਕੌਰ, ਮਨਜੀਤ ਕੌਰ, ਸੁਰਿੰਦਰ ਕੌਰ, ਕਰਮਜੀਤ ਸਿੰਘ ਕੌਰ ਸੰਗਤਪੁਰਾ ਨੇ ਸਮੂਲੀਅਤ ਕੀਤੀ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਸੰਤ ਕਰਤਾਰ ਸਿੰਘ ਮੈਮੋਰੀਅਲ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿੱਚ

# ਸੋਸ਼ਲ ਮੀਡੀਆ ਦਿਨ ਮਨਾ ਕਿ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਗਿਆ



ਫ਼ਿਰੋਜ਼ਪੁਰ, 15 ਜੁਲਾਈ (ਮਨੋਹਰ ਲਾਲ) :— ਸ੍ਰੀਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ ਜੀ ਦੀ ਰਹਿਨੁਮਾਈ ਹੇਠ ਚੱਲ ਰਹੇ ਸੰਤ ਗਿਆਨੀ ਕਰਤਾਰ ਸਿੰਘ ਖਾਲਸਾ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਵਿੱਚ ਅੱਜ ਸੋਸ਼ਲ ਮੀਡੀਆ ਦੇਣ ਦਿਨ ਵਿਦਿਆਰਥੀਆਂ ਨਾਲ ਸਾਂਝਾ ਕੀਤਾ ਗਿਆ ਜਿਸ ਵਿੱਚ ਵਿਦਿਆਰਥੀਆਂ ਨੂੰ ਸੋਸ਼ਲ ਮੀਡੀਆ ਦੇ ਚੰਗੇ ਅਤੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਜਸਪ੍ਰੀਤ ਅਤੇ ਭਾਈ ਵੀਰਪਾਲ ਸਿੰਘ ਨੇ ਵਿਦਿਆਰਥੀਆਂ ਦੱਸਿਆ ਕਿ ਕ੍ਰਿਸ ਸੋਮਰਸ ਨੂੰ 2013 ਵਿੱਚ ਸੋਸ਼ਲ ਮੀਡੀਆ ਦੇਣ ਦਿਨ ਦਾ ਮਾਨ ਪ੍ਰਾਪਤ ਹੋਇਆ ਹੈ ਸੋਸ਼ਲ ਮੀਡੀਆ ਇਕ ਅਜਿਹਾ ਪਲੇਟਫਾਰਮ ਹੈ ਜਿਸ ਰਾਹੀਂ ਜੋ ਲੋਕ ਹੁਨਰਮੰਦ ਹਨ ਉਹ ਆਪਣੇ ਹੁਨਰ ਨੂੰ ਬਹੁਤ ਹੀ ਵਧੀਆ ਤਰੀਕੇ ਨਾਲ ਲੋਕਾਂ ਤੱਕ ਅਸਾਨੀ ਨਾਲ ਪਹੁੰਚਾ ਸਕਦੇ ਹਨ ਬਿਜ਼ਨਸਮੈਨ ਆਪਣੇ ਬਿਜ਼ਨਸ ਵਿੱਚ ਵਾਧਾ ਕਰਨ ਲਈ ਸੋਸ਼ਲ ਮੀਡੀਆ ਤੇ ਮਸ਼ਹੂਰੀਆਂ ਦੇ ਕੇ ਆਪਣੇ ਬਿਜ਼ਨਸ ਦਾ ਵਾਧਾ ਕਰਦੇ ਹਨ ਅਤੇ ਇਸੇ ਤਰ੍ਹਾਂ ਹੀ ਕਈ ਚੈਰੀਟੇਬਲ ਸੰਸਥਾਵਾਂ ਨੂੰ ਕਿਸੇ ਲੋੜਵੰਦ ਦੀ ਮਦਦ ਕਰਨ ਲਈ ਮਦਦ ਦੀ ਲੋੜ ਹੁੰਦੀ ਹੈ ਉਹ ਸੋਸ਼ਲ ਮੀਡੀਆ ਤੇ ਆਸਾਨ ਤਰੀਕੇ ਨਾਲ ਉਹ ਮਦਦ ਲੈ ਸਕਦੇ ਹਨ ਜਿਥੇ ਸੋਸ਼ਲ ਮੀਡੀਆ ਦੇ ਅਣਗਿਣਤ ਫਾਇਦੇ ਹਨ ਉਥੇ ਕਈ ਤਰ੍ਹਾਂ ਦੇ ਨੁਕਸਾਨ ਵੀ ਹਨ ਜਿਸ ਤਰਾਂ ਕਈ ਬੁਰੇ ਲੋਕ ਬੁਰੀਆਂ ਪੋਸਟਾਂ ਅਤੇ ਧੋਖੇ ਭਰੀਆਂ ਮਸ਼ਹੂਰੀਆਂ ਦੇ ਕੇ ਭੋਲੇ ਭਾਲੇ ਲੋਕਾਂ ਨੂੰ ਗੁਮਰਾਹ ਕਰਦੇ ਹਨ ਅੱਜ ਦੇ ਸਮੇਂ ਵਿੱਚ ਸੋਸ਼ਲ ਮੀਡੀਆ ਤੇ ਆਪਣੇ ਹੁਨਰ ਦੇ ਸਿਰ ਤੇ ਬਹੁਤ ਸਾਰੇ ਲੋਕ ਇਨਕਮ ਵੀ ਕਰ ਰਹੇ ਹਨ ਜਿਥੇ ਨਾਲ ਹੀ ਬਹੁਤ ਸਾਰੇ ਲੋਕ ਇੱਥੇ ਇਸ ਦਾ ਫਾਇਦਾ ਲੈਂਦੇ ਹਨ ਉਥੇ ਲੋਕ ਆਪਣੇ ਸਮੇਂ ਦਾ ਨੁਕਸਾਨ ਵੀ ਕਰਦੇ ਹਨ ਸਾਨੂੰ ਚਾਹੀਦਾ ਹੈ ਕਿ ਅਸੀਂ ਇਸ ਪਲੇਟਫਾਰਮ ਤੋਂ ਆਪਣੀ ਗਿਆਨ ਚੰਗੀਆਂ ਪੋਸਟਾਂ ਦੇਖ ਕਿ ਵਧਾਈਏ ਅਤੇ ਚੰਗੀਆਂ ਪੋਸਟਾਂ ਨੂੰ ਲੋਕਾਂ ਨਾਲ ਸਾਂਝਿਆਂ ਕਰੀਏ ਹਾਊਸ ਬੀ ਦੇ ਵਿਦਿਆਰਥੀਆਂ ਵਲੋਂ ਚਾਰਟ ਬਣਾ ਕਿ ਪ੍ਰਦਰਸ਼ਨ ਕੀਤਾ ਗਿਆ ਇਸ ਮੌਕੇ ਸਕੂਲ ਦਾ ਸਮੁੱਚਾ ਸਟਾਫ ਅਤੇ ਵਿਦਿਆਰਥੀ ਹਾਜ਼ਰ ਹੋਏ।

### ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਜ਼ਿਲਾ ਫਿਰੋਜਪੁਰ

# ਪੰਜਾਬ ਬਣਿਆ ਕਤਲੋਗਾਰਦ, ਫਰੋਤੀਆਂ ਅਤੇ ਨਸ਼ਿਆ ਦਾ ਸੂਬਾ—ਭੁੱਲਰ

ਫ਼ਿਰੋਜ਼ਪੁਰ, 15 ਜੁਲਾਈ (ਮਨੋਹਰ ਲਾਲ) :— ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪੀ.ਏ.ਸੀ ਮੈਂਬਰ ਅਤੇ ਜ਼ਿਲ੍ਹਾ ਪ੍ਰਧਾਨ ਫਿਰੋਜ਼ਪੁਰ ਗੁਰਚਰਨ ਸਿੰਘ ਭੁੱਲਰ ਦੀ ਪ੍ਰਧਾਨਗੀ ਹੇਠ ਕੀਤੀ ਗਈ ਜਿਸ ਵਿੱਚ ਵਿਚਾਰ—ਚਰਚਾ ਕੀਤੀ ਗਈ। ਮੀਟਿੰਗ ਵਿਚ ਪੰਜਾਬ ਦੇ ਹਾਲਾਤ ਬਿਹਾਰ ਨਾਲੋਂ ਵੱਧ ਖਤਰਨਾਕ ਹੋਣ ਤੇ ਚਿੰਤਾ ਜਾਹਿਰ ਕੀਤੀ ਗਈ। ਉਨ੍ਹਾਂ ਕਿਹਾ ਕਿ ਅੱਜ ਤੋ ਪਹਿਲਾਂ ਪੰਜਾਬ ਦੇ ਹਲਾਤ ਖਾੜਕੂਵਾਦ ਸਮੇਂ ਵੀ ਇਤਨੇ ਨਹੀਂ ਵਿਗੜੇ ਸੀ ਜਿੰਨੇ ਅੱਜ ਕੱਲ ਵਿਗੜ ਗਏ ਹਨ। ਲੋਕਾਂ ਦੇ ਜਾਨ ਮਾਲ ਦੀ ਰਾਖੀ ਕਰਨ ਵਾਲੀ ਸਰਕਾਰ ਦੇ ਕੁਝ ਲੀਡਰ, ਅਫਸਰ, ਮੁਲਾਜਮ ਭ੍ਰਿਸ਼ਟਾਚਾਰ ਵਿੱਚ ਲਿਪਤ ਹਨ ਅਤੇ ਹਰ ਦਫਤਰਾਂ ਵਿੱਚ ਰਿਸ਼ਵਤਖੋਰੀ ਦੀ ਖੁਲ ਦਿੱਤੀ ਹੋਈ ਹੈ। ਦਫਤਰਾਂ ਵਿੱਚ ਜੋ ਲੰਮੇ ਸਮੇਂ ਤੋਂ ਰਿਸ਼ਵਤ ਲੈ ਰਹੇ ਹਨ ਉਨ੍ਹਾਂ ਨੂੰ ਵਾਰ—ਵਾਰ ਉਸੇ ਜਗਾਹ ਤੇ ਲਗਵਾ ਕੇ ਲੋਕਾਂ ਦੀ ਲੁੱਟ ਹੋ ਰਹੀ ਹੈ। ਚੰਗੇ ਅਫਸਰਾਂ ਅਤੇ ਚੰਗੇ ਮੁਲਾਜ਼ਮਾਂ ਜੋ ਰਿਸ਼ਵਤ ਨਹੀਂ ਲੈਂਦੇ ਉਨ੍ਹਾਂ ਸੀਟਾਂ ਤੋ ਦੂਰ ਰੱਖਿਆ ਜਾ ਰਿਹਾ ਹੈ। ਨਸ਼ੇ ਦੇ ਵੱਡੇ ਸੁਦਾਗਰ ਆਪਣਾ ਕਾਰੋਬਾਰ ਉਸੇ ਤਰ੍ਹਾਂ ਹੀ ਕਰ ਰਹੇ ਹਨ ਪੁਲੀਸ ਨਿੱਕੇ—ਨਿੱਕੇ ਨਸ਼ਾ ਤਸਕਰਾਂ ਦੇ ਤਾਂ ਘਰ ਢਾਹ ਰਹੀ ਹੈ ਪਰ ਜਿੰਨਾਂ ਨਸ਼ਾ ਤਸਕਰਾਂ ਦੇ ਵੱਡੇ—ਵੱਡੇ ਲੀਡਰਾਂ ਅਤੇ ਅਫਸਰਾਂ ਨਾਲ ਸਬੰਧ ਹਨ ਉਨ੍ਹਾਂ ਦੇ ਘਰ ਕਿਉਂ ਨਹੀਂ ਢਾਹੁਦੀ, ਜਿਸ ਪੁਲੀਸ ਨੇ ਗਲਤ ਅਨਸਰਾਂ ਨੂੰ ਪਕੜ ਕੇ ਉਨ੍ਹਾਂ ਦੇ ਕੀਤੇ ਗਲਤ ਕੀਤੇ ਕੰਮਾਂ ਦੀ ਅਦਾਲਤਾਂ ਰਾਹੀ ਸਜਾ ਦਵਾਉਣੀ ਸੀ ਉਹ ਆਪ ਹੀ ਕਾਨੂੰਨ ਦੀਆਂ ਧੱਜੀਆਂ ਉਡਾ ਰਹੀ ਹੈ ਅਤੇ ਫੇਕ ਇਨਕਾਉਟਰ ਵਿੱਚ ਮਾਰ ਕੇ ਉਸ ਨੂੰ ਲੋਕਾਂ ਵਿੱਚ ਸਹੀ ਦਿਖਾਉਣ ਦੀ ਕੋਸ਼ਿਸ ਕਰਦੀ ਹੈ ਭਾਵੇਂ ਉਹ ਇਨਕਾਉਟਰ ਵਿੱਚ ਮਰਨ ਵਾਲਾ ਬੇਕਸੂਰ ਹੋਵੇ। ਮੇਰਾ ਖਿਆਲ ਹੈ ਸਰਕਾਰ ਨੂੰ ਅਦਾਲਤਾਂ ਬੰਦ ਕਰ ਦੇਣੀਆਂ ਚਾਹੀਦੀਆਂ ਹਨ ਅਤੇ ਪੁਲੀਸ ਨੂੰ ਖੁਲ ਦੇ ਦੇਵੇ ਕਿ ਜਿੰਨੂ ਮਰਜੀ ਫੜ ਕੇ ਇਨਕਾਉਟਰ ਕਰਕੇ ਮਾਰ ਦੇਵੇ ਨਾਲੇ ਨਾ ਕੋਈ ਕਾਨੂੰਨ ਨਾ ਕੋਈ ਦਲੀਲ ਸਿਧਾ ਇਨਸਾਫ। ਸਰਕਾਰ ਦੇ ਬਣਾਏ ਸਰਪੰਚ ਆਤਮ ਹੱਤਿਆ ਕਰ ਰਹੇ ਹਨ। ਵਪਾਰੀਆਂ ਦੇ ਕਤਲ ਹੋ ਰਹੇ ਹਨ ਅਤੇ ਲੋਕਾਂ ਤੋ ਫਰੋਤੀਆਂ ਲਈਆਂ ਜਾ ਰਹੀਆਂ ਹਨ ਅਤੇ ਲੋਕ ਡਰ ਦੇ ਮਾਹੋਲ ਵਿੱਚ ਜੀ ਰਹੇ ਹਨ। ਲੋਕ ਸਰੇਆਮ ਲੀਡਰਾਂ ਦੀ ਲੁੱਟ ਦਾ ਸਬੂਤ ਦੇ ਰਹੇ ਹਨ ਪਰ ਕਿਸੇ ਤੇ ਕੋਈ ਕਾਰਵਾਈ ਨਹੀ। ਲੋਕਾਂ ਦਾ ਪੰਜਾਬ ਵਿੱਚ ਜਿਉਣਾ ਹੋਇਆ ਬਦਤਰ ਅਤੇ ਪੰਜਾਬ ਦੇ ਵਪਾਰੀ ਡਰ ਦੇ ਮਾਹੋਲ ਦੇ ਮਾਰੇ ਪੰਜਾਬ ਛੱਡਣ ਨੂੰ ਤਿਆਰ ਹੋਏ ਹਨ। ਲੋਕ ਇਨਸਾਫ ਲੈਣ ਲਈ ਸੜਕਾਂ ਤੇ ਧਰਨੇ ਲਾ ਰਹੈ ਹਨ ਪਰ ਇਨਸਾਫ ਦੇਣ ਦੀ ਜਗਾਹ ਉਹਨਾਂ ਤੇ ਜੁਲਮ ਕੀਤਾ ਜਾ ਰਿਹਾ ਹੈ ਇਹ ਹੈ ਸਾਡੇ ਲੋਕਾਂ ਦੀ ਸਰਕਾਰ ਚੁਣੀ ਆਪਣੇ ਹੱਥੀ ਰੰਗਲਾ ਪੰਜਾਬ ਕੰਗਲਾ ਪੰਜਾਬ ਬਣਾ ਦਿੱਤਾ। ਇਸ ਸਮੇ ਮੀਟਿੰਗ ਵਿੱਚ ਲਖਵਿੰਦਰ ਸਿੰਘ ਸੁਪਰ ਸਰਕਲ ਪ੍ਰਧਾਨ ਜੀਰਾ, ਬਲਕਾਰ ਸਿੰਘ ਜੋਗੇਵਾਲਾ ਪ੍ਰਧਾਨ ਕਿਸਾਨ ਵਿੰਗ ਫਿਰੋਜਪੁਰ, ਜੋਗਿੰਦਰ ਸਿੰਘ ਮੱਲੇਵਾਲਾ ਜਰਨਲ ਸਕੱਤਰ ਫਿਰੋਜ਼ਪੁਰ, ਦਵਿੰਦਰ ਸਿੰਘ ਚੂਰੀਆ ਸੀਨੀਅਰ ਮੀਤ ਪ੍ਰਧਾਨ ਫਿਰੋਜ਼ਪੁਰ, ਗੁਰਪਾਲ ਸਿੰਘ ਮਰਹਾਣਾ ਆਦਿ ਨੇ ਵੀ ਪੰਜਾਬ ਦੇ ਵਿਗੜਦੇ ਹਲਾਤਾਂ ਦੀ ਚਿੰਤਾ ਪ੍ਰਗਟਾਈ।



### ਅਮਨਦੀਪ ਹਸਪਤਾਲ ਵਿੱਚ

# 17 ਜੁਲਾਈ ਨੂੰ ਲੱਗੇਗਾ ਮੁ਼ਫਤ ਬੀਐਮਡੀ ਜਾਂਚ ਕੈਂਪ

ਫ਼ਿਰੋਜ਼ਪੁਰ, 15 ਜੁਲਾਈ (ਮਨੋਹਰ ਲਾਲ) :— ਜਨਸੇਵਾ ਦੀ ਭਾਵਨਾ ਦੇ ਤਹਿਤ ਅਮਨਦੀਪ ਹਸਪਤਾਲ, ਮੋਗਾ ਰੋਡ, ਫਿਰੋਜ਼ਪੁਰ ਵੱਲੋਂ 17 ਜੁਲਾਈ 2025 (ਬੁੱਧਵਾਰ) ਨੂੰ ਇੱਕ ਵਿਸ਼ੇਸ਼ ਮੁਫ਼ਤ ਬੀਐਮਡੀ (ਹੱਡੀਆਂ ਦੀ ਖਣਿਜ ਘਣਤਾ) ਜਾਂਚ ਸ਼ਿਵਰ ਦਾ ਆਯੋਜਨ ਕੀਤਾ ਜਾ ਰਿਹਾ ਹੈ।ਇਹ ਸ਼ਿਵਰ ਗੁਰਦੁਆਰਾ ਜਾਮਣੀ ਸਾਹਿਬ, ਬਾਜੀਦਪੁਰ ਦੇ ਨੇੜੇ ਸਥਿਤ ਹਸਪਤਾਲ ਪ੍ਰਾਂਗਣ ਵਿੱਚ ਸਵੇਰੇ 10 ਵਜੇ ਤੋਂ ਦੁਪਿਹਰ 2 ਵਜੇ ਤੱਕ ਲੱਗੇਗਾ। ਜਾਣਕਾਰੀ ਦਿੰਦਿਆਂ ਅਮਨਦੀਪ ਹਸਪਤਾਲ ਦੇ ਫੈਸੀਲਿਟੀ ਡਾਇਰੈਕਟਰ ਡਾ।ਅਭਿਸ਼ੇਕ ਅਰੋੜਾ ਨੇ ਦੱਸਿਆ ਕਿ ਇਸ ਮੁਫ਼ਤ ਬੀਐਮਡੀ ਜਾਂਚ ਸ਼ਿਵਰ ਦਾ ਉਦੇਸ਼ ਲੋਕਾਂ ਨੂੰ ਹੱਡੀਆਂ ਨਾਲ ਜੁੜੀਆਂ ਬੀਮਾਰੀਆਂ ਬਾਰੇ ਜਾਗਰੂਕ ਕਰਨਾ ਅਤੇ ਸਮੇਂ ਤੇ ਜਾਂਚ ਰਾਹੀਂ ਉਨ੍ਹਾਂ ਨੂੰ ਠੀਕ ਇਲਾਜ ਵੱਲ ਮਾਰਗਦਰਸ਼ਨ ਦੇਣਾ ਹੈ।ਉਨ੍ਹਾਂ ਦੱਸਿਆ ਕਿ ਇਸ ਟੈਸਟ ਦੀ ਆਮ ਲਾਗਤ ?1500 ਹੁੰਦੀ ਹੈ, ਪਰ ਸ਼ਿਵਰ ਵਿੱਚ ਇਹ ਸੇਵਾ ਪੂਰੀ ਤਰ੍ਹਾਂ ਮੁਫ਼ਤ ਉਪਲੱਬਧ ਹੋਏਗੀ।ਸ਼ਿਵਰ ਦੀ ਖਾਸ ਗੱਲ ਇਹ ਹੈ ਕਿ ਇੱਥੇ ਬੀਐਮਡੀ ਜਾਂਚ ਦੇ ਨਾਲ ?ਨਾਲ ਸੀਨੀਅਰ ਆਰਥੋਪੀਡਿਕ ਸਰਜਨ ਡਾ।ਕਨਿਸ਼ ਕਿਨਰਾ ਵੱਲੋਂ ਵੀ ਮੁਫ਼ਤ ਸਲਾਹ ?ਮਸ਼ਵਰਾ ਦਿੱਤਾ ਜਾਵੇਗਾ। ਡਾ: ਕਿਨਰਾ ਹੱਡੀਆਂ, ਜੋੜਾਂ ਅਤੇ ਮਾਸਪੇਸ਼ੀਆਂ ਨਾਲ ਜੁੜੀਆਂ ਬਿਮਾਰੀਆਂ ਦੇ ਮਾਹਿਰ ਹਨ ਅਤੇ ਮਰੀਜ਼ਾਂ ਨੂੰ ਉਨ੍ਹਾਂ ਦੀ ਹੱਡੀਆਂ ਦੀ ਹਾਲਤ ਬਾਰੇ ਢੁੱਕਵਾਂ ਮਾਰਗਦਰਸ਼ਨ ਦੇਣਗੇ। ਡਾ: ਅਰੋੜਾ ਨੇ ਕਿਹਾ ਕਿ ਬਦਲ ਰਹੀ ਜੀਵਨਸ਼ੈਲੀ, ਅਣਨਿਯਮਤ ਖਾਣ ?ਪੀਣ ਅਤੇ ਉਮਰ ਦੇ ਵਧਣ ਨਾਲ ਹੱਡੀਆਂ ਦੀ ਮਜ਼ਬੂਤੀ ਘੱਟ ਹੋਣੀ ਆਮ ਗੱਲ ਹੈ, ਜਿਸਨੂੰ ਸਮੇਂ ਰਹਿੰਦਿਆਂ ਪਛਾਣਨਾ ਬਹੁਤ ਜ਼ਰੂਰੀ ਹੈ। ਬੀਐਮਡੀ ਟੈਸਟ ਰਾਹੀਂ ਹੱਡੀਆਂ ਵਿੱਚ ਕੈਲਸ਼ੀਅਮ ਦੀ ਮਾਤਰਾ ਅਤੇ ਘਣਤਾ ਦੀ ਜਾਂਚ ਕੀਤੀ ਜਾਂਦੀ ਹੈ, ਜਿਸ ਨਾਲ ਅਸਥਿਮਜੋਰਤਾ (ਓਸਟੀਓਪੋਰੇਸਿਸ) ਵਰਗੀਆਂ ਬੀਮਾਰੀਆਂ ਦੀ ਸ਼ੁਰੂਆਤੀ ਪੱਧਰੋਂ ਤੇ ਪਛਾਣ ਹੋ ਸਕਦੀ ਹੈ। ਹਸਪਤਾਲ ਪ੍ਰਸ਼ਾਸਨ ਵੱਲੋਂ ਖੇਤਰ ਵਾਸੀਆਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਇਸ ਸਹੂਲਤ ਦਾ ਵੱਧ ਤੋਂ ਵੱਧ ਲਾਭ ਲੈਣ ਅਤੇ ਆਪਣੀ ਹੱਡੀਆਂ ਦੀ ਸਿਹਤ ਨੂੰ ਯਕੀਨੀ ਬਣਾਉਣ ਲਈ ਕੈਂਪ 'ਚ ਜ਼ਰੂਰ ਪਹੁੰਚਣ।





# ਇੰਦਰਪ੍ਰੀਤ ਸਿੰਘ ਮੌਂਟੀ ਕੌਛੜ ਵੱਲੋਂ ਕਾਲਕਾ ਤੇ ਕਾਹਲੋਂ ਦਾ ਮੁੜ ਕਮੇਟੀ ਪ੍ਰਧਾਨ/ ਸਕੱਤਰ ਬਣਨ ਤੇ ਸਨਮਾਨ






ਨਵੀਂ ਦਿੱਲੀ, 15 ਜੁਲਾਈ (ਮਨਪ੍ਰੀਤ ਸਿੰਘ ਖਾਲਸਾ): ਦਿੱਲੀ ਗੁਰਦੁਆਰਾ ਕਮੇਟੀ ਦੀ ਧਰਮ ਪ੍ਰਚਾਰ ਵਿੰਗ ਦੇ ਕੋ ਚੇਅਰਮੈਨ ਸਰਦਾਰ ਇੰਦਰਪ੍ਰੀਤ ਸਿੰਘ ਮੌਂਟੀ ਕੌਛੜ ਦੀ ਅਗਵਾਈ ਹੇਠ ਸਰਦਾਰ ਹਰਮੀਤ ਸਿੰਘ ਕਾਲਕਾ ਦਾ ਦਿੱਲੀ ਗੁਰਦੁਆਰਾ ਕਮੇਟੀ ਦਾ ਮੁੜ ਪ੍ਰਧਾਨ ਬਣਨ 'ਤੇ ਅਤੇ ਜਗਦੀਪ ਸਿੰਘ ਕਾਹਲੋਂ ਨੂੰ ਜਨਰਲ ਸਕੱਤਰ ਬਣਨ 'ਤੇ ਸੁਰਯਾ ਗ੍ਰੈਂਡ ਹੋਟਲ ਵਿਚ ਕਰਵਾਏ ਗਏ ਪ੍ਰੋਗਰਾਮ ਦੌਰਾਨ ਸਨਮਾਨਿਤ ਕੀਤਾ ਗਿਆ । ਇਸ ਪ੍ਰੋਗਰਾਮ ਵਿਚ ਸੰਬੋਧਨ ਕਰਦਿਆਂ ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਸਮੁੱਚੀ ਸੰਗਤ ਦਾ ਤਹਿ ਦਿਲੋਂ ਧੰਨਵਾਦ ਕੀਤਾ। ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਦਿੱਲੀ ਕਮੇਟੀ ਵਲੋਂ ਕਰਵਾਏ ਜਾ ਰਹੇ ਕੰਮਕਾਰ ਬਾਰੇ ਦਸਦੇ ਕਿਹਾ ਕਿ ਅਸੀਂ ਪਿਛਲੇ ਚਾਰ ਸਾਲਾਂ ਵਿਚ ਬਹੁਤ ਮਿਹਨਤ ਕਰ ਕੇ ਅਹਿਮ ਕਾਰਜ ਸੰਪੰਨ ਕੀਤੇ ਹਨ। ਉਹਨਾਂ ਕਿਹਾ ਕਿ ਅਸੀਂ ਵਡੀ ਕੋਸ਼ਿਸ਼ਾਂ ਕਰਦਿਆਂ ਬਾਲਾ ਸਾਹਿਬ ਹਸਪਤਾਲ ਸ਼ੁਰੂ ਕਰਵਾ ਦਿੱਤਾ ਹੈ ਤੇ ਇਸੇ ਬਿਲਡਿੰਗ ਵਿਚ ਪਹਿਲਾਂ ਤੋਂ ਹੀ ਮੁਫਤ ਡਾਇਲਸਿਸ ਸੈਂਟਰ ਵੀਂ ਚਲ ਰਿਹਾ ਹੈ। ਇਸੇ ਤਰੀਕੇ ਗੁਰੂ ਹਰਿਕ੍ਰਿਸ਼ਨ ਪੋਲੀ ਕਲੀਨਿਕ ਵਿਚ ਜਿਥੇ ਪਹਿਲਾਂ 50 ਰੁਪਏ ਵਿਚ ਐਮ ਆਰ ਆਈ ਤੇ ਸੀ ਟੀ ਸਕੈਨ ਦੀ ਸਹੂਲਤ ਮਿਲ ਰਹੀ ਸੀ, ਉਥੇ ਹੁਣ ਬਜ਼ਾਰ ਨਾਲੋਂ ਸਸਤਾ ਪੈਟ ਸਕੈਨ ਵੀ ਹੋਣ ਲੱਗ ਪਿਆ ਹੈ। ਉਹਨਾਂ ਕਿਹਾ ਕਿ ਸਿਰਫ ਦਿੱਲੀ ਹੀ ਨਹੀਂ ਬਲਕਿ ਵੱਖ-ਵੱਖ ਰਾਜਾਂ ਵਿਚ ਬੈਠੇ ਸਿੱਖ ਆਪਣੇ ਮਸਲਿਆਂ ਦੇ ਹੱਲ ਲਈ ਦਿੱਲੀ ਗੁਰਦੁਆਰਾ ਕਮੇਟੀ ਕੋਲ ਪਹੁੰਚ ਕਰਦੇ ਹਨ ਤਾਂ ਅਸੀਂ ਤੁਰੰਤ ਟੀਮਾਂ ਭੇਜ ਕੇ ਮਸਲੇ ਹੱਲ ਕਰਵਾਉਂਦੇ ਹਾਂ। ਉਹਨਾਂ ਕਿਹਾ ਕਿ ਕਮੇਟੀ ਨੇ ਦੇਸ਼ ਦੇ ਕੋਨੇ-ਕੋਨੇ ਵਿਚ ਮਸਲਿਆਂ ਦੇ ਹੱਲ ਵਾਸਤੇ ਸਿੱਖਾਂ ਦੀ ਬਾਂਹ ਫੜੀ ਹੈ ਜਿਸ ਨਾਲ ਸਿੱਖ ਕੌਮ ਵਿਚ ਨਵਾਂ ਵਿਸ਼ਵਾਸ ਪੈਦਾ ਹੋਇਆ ਹੈ। ਇਸ ਮੌਕੇ ਤੇ ਬੀਬੀ ਰਣਜੀਤ ਕੌਰ, ਰਮਨਜੀਤ ਸਿੰਘ ਥਾਪਰ, ਐਮ ਪੀ ਐਸ ਚੱਡਾ ਦਾ ਵੀ ਸਨਮਾਨ ਕੀਤਾ ਗਿਆ। ਇਸ ਮੌਕੇ ਮਨਮੋਹਨ ਸਿੰਘ ਕੌਛੜ, ਇਲਾਕੇ ਦੇ ਆਰਡਬਲਊਏ ਮੈਂਬਰ, ਸ਼ਬਦ ਕੀਰਤਨੀ ਜੱਥੇ, ਯੂਥ ਦਲ ਦੇ ਮੈਂਬਰ, ਇਲਾਕੇ ਦੀਆਂ ਸਿੰਘ ਸਭਾਵਾਂ ਦੇ ਮੈਂਬਰ ਸਮੇਤ ਵਡੀ ਗਿਣਤੀ ਵਿਚ ਸੰਗਤਾਂ ਹਾਜਿਰ ਸਨ ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ੍ਹ ਲੱਗ ਕੇ ਹਰੇਕ ਪਦਾਰਥ ਦੀ ਹੁੰਦੀ ਪ੍ਰਾਪਤੀ ਭਾਈ ਸਰਬਜੀਤ ਸਿੰਘ ਕੈਲੀਫੋਰਨੀਆ ਵੱਲੋਂ ਲਗਾਤਾਰ ਅਣਮਿੱਥੇ ਸਮੇਂ ਲਈ ਚਾਰ ਮਹੀਨੇ ਤੋਂ ਸਾਰਾ ਦਿਨ ਸ੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਕਰਵਾਏ ਜਾ ਰਹੇ-ਬਾਬਾ ਬਿਬੇਕ ਸਿੰਘ

ਜੰਡਿਆਲਾ ਗੁਰੂ 15 ਜੁਲਾਈ ( ਕੁਲਵੰਤ ਸਿੰਘ ਵਿਰਦੀ ) ਅੱਜ ਸਮੇਂ ਦੀ ਦੌੜ ਵਿੱਚ ਕੁੱਝ ਇਨਸਾਨੀ ਰੂਹਾਂ ਪਾਖੰਡਵਾਦ ਨੂੰ ਬੜਾਵਾ ਦੇ ਰਹੀਆਂ ਹਨ ਅਤੇ ਵਹਿਮਾ ਭਰਮਾ ਵਿਚ ਫਸ ਕੇ ਸੁੱਖਾਂ ਦੀ ਤਲਾਸ ਵਿੱਚ ਪ੍ਰਮਾਤਮਾ ਤੋਂ ਦੂਰੀ ਬਣਾ ਰਹੀਆਂ ਹਨ ਅਤੇ ਅਸਲ ਵਿੱਚ ਅਟਲ ਸਚਾਈ ਹੈ ਕਿ ਹਰੇਕ ਪਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗ ਕਿ ਪ੍ਰਾਪਤ ਹੋਣਾ ਹੈ ਜਿਸ ਵਿੱਚ ਸਰਧਾਵਾਨ ਸੰਗਤਾਂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਵੱਲੋਂ ਉਚਾਰਨ ਕੀਤੀ ਗਈ ਗੁਰਬਾਣੀ ਦੇ ਲੜ ਲੱਗ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਾਸੋਂ ਹਰੇਕ ਪਦਾਰਥ ਪ੍ਰਾਪਤ ਕਰ ਰਹੀਆਂ ਹਨ ਇਨਾਂ ਗੱਲਾਂ ਦਾ ਪ੍ਰਗਟਾਵਾ ਕਰਦਿਆ ਹੋਇਆ ਗੁਰਦੁਆਰਾ ਨਾਨਕਸਰ ਸਾਹਿਬ ਨਾਨਕਸਰ ਨਗਰ ਜੰਡਿਆਲਾ ਗੁਰੂ ਦੇ ਮੁੱਖ ਸੇਵਾਦਾਰ ਬਾਬਾ ਬਿਬੇਕ ਸਿੰਘ ਜੀ ਨੇ ਅੱਗੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਨੂੰ ਗਾਉਣਾ ਤੇ ਦੂਜਿਆਂ ਨੂੰ ਨਾਮ ਜਪਾਉਣਾ ਅਤੇ ਗਾਈਨ ਕੀਤੀ ਗਈ ਗੁਰਬਾਣੀ ਨੂੰ ਆਪਣੇ ਹਿਰਦੇ ਰੂਪੀ ਘਰ ਵਿੱਚ ਗ੍ਰਹਿਣ ਕਰਨਾ ਜਿਸ ਵਿੱਚ ਗੁਰੂ ਸਾਹਿਬ ਜੀ ਨੇ ਹੁਕਮ ਵੀ ਕੀਤਾ ਹੋਇਆ ਹੈ ਜਿਸ ਦੇ ਚੱਲਦਿਆਂ ਆਪ ਜਪਹੁ ਅਵਰੇ ਨਾਮਿ ਜਪਾਵਹੁ ਨੂੰ ਸਮਰਪਿਤ ਚਾਰ ਮਹੀਨੇ ਤੋਂ ਲਗਾਤਾਰ ਹਰ ਰੋਜ ਅਣਮਿੱਥੇ ਸਮੇਂ ਲਈ ਭਾਈ ਸਰਬਜੀਤ ਸਿੰਘ ਕੈਲੀਫੋਰਨੀਆ ਵੱਲੋਂ ਸਮੂਹ ਪ੍ਰੀਵਾਰ ਦੀਆਂ ਚੜ੍ਹਦੀ ਕਲ੍ਹਾ ਲਈ ਅਤੇ ਸਰਬੱਤ ਦੇ ਭਲੇ ਲਈ ਪੂਰਾ ਦਿਨ ਸ੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਕਰਵਾਏ ਜਾ ਰਹੇ ਹਨ ਅੱਗੇ ਬਾਬਾ ਬਿਬੇਕ ਸਿੰਘ ਜੀ ਨੇ ਕਿਹਾ ਕਿ ਸਵੇਰੇ ਨਿਤਨੇਮ ਦੀ ਸਮਾਪਤੀ ਤੋਂ ਉਪਰੰਤ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਆਰੰਭ ਕੀਤੇ ਜਾਂਦੇ ਹਨ ਅਤੇ ਸਾਮ ਨੂੰ ਸੰਧਿਆ ਦੀ ਆਰੰਭਤਾ ਤੋਂ ਪਹਿਲਾਂ ਭੋਗ ਪਾਏ ਜਾਂਦੇ ਹਨ !



ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਅਖੌਤੀ ਪਾਦਰੀਆਂ ਦੀ ਸਭਾ 'ਚ ਜਾਨ ਗੁਆਉਣ ਵਾਲੇ ਲੜਕੇ ਦੇ

# ਪੀੜਤ ਪਰਿਵਾਰ ਨਾਲ ਜਥੇਦਾਰ ਗੜਗੱਜ ਨੇ ਕੀਤੀ ਮੁਲਾਕਾਤ

**ਪਟਿਆਲਾ, 15 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅੱਜ ਪਟਿਆਲਾ ਜ਼ਿਲ੍ਹੇ ਦੇ ਖੁਸਰੋਪੁਰ ਪਿੰਡ ਪੁੱਜੇ ਜਿੱਥੇ ਉਨ੍ਹਾਂ ਨੇ ਬੀਤੇ ਦਿਨੀਂ ਭਾਦਸੋਂ ਰੋਡ 'ਤੇ ਸਿੱਧੂਵਾਲ ਵਿਖੇ ਹੁੰਦੀ ਅਖੌਤੀ ਪਾਦਰੀਆਂ ਦੀ ਸਭਾ ਵਿੱਚ ਵਾਪਰੇ ਹਾਦਸੇ ਕਾਰਨ ਜਾਣ ਗੁਆਉਣ ਵਾਲੇ 16 ਸਾਲਾ ਲੜਕੇ ਦੇ ਪਰਿਵਾਰ ਨਾਲ ਮੁਲਾਕਾਤ ਕਰਕੇ ਦੁੱਖ ਸਾਂਝਾ ਕੀਤਾ। ਇਸ ਮੌਕੇ ਜਥੇਦਾਰ ਗੜਗੱਜ ਨੇ ਪਰਿਵਾਰ ਪਾਸੋਂ ਸਮੁੱਚੀ ਘਟਨਾ ਦੀ ਜਾਣਕਾਰੀ ਹਾਸਲ ਕੀਤੀ ਅਤੇ ਇਹ ਜਾਣਿਆ ਕਿ ਪੀੜਤ ਪਰਿਵਾਰ ਅਖੌਤੀ ਪਾਦਰੀਆਂ ਦੇ ਸੰਪਰਕ ਵਿੱਚ ਕਿਵੇਂ ਆਇਆ। ਮ੍ਰਿਤਕ ਲੜਕੇ ਦੇ ਪਰਿਵਾਰ ਨੇ ਦੱਸਿਆ ਕਿ ਉਨ੍ਹਾਂ ਦੇ ਪੁੱਤਰ ਨੂੰ ਕਣਕ ਤੋਂ ਐਲਰਜੀ ਦਾ ਰੋਗ ਸੀ, ਜਿਸ ਸਬੰਧੀ ਉਨ੍ਹਾਂ ਨੇ ਸ਼ੁਰੂਆਤ ਵਿੱਚ ਕੁਝ ਮੈਡੀਕਲ ਇਲਾਜ ਕਰਵਾਇਆ ਅਤੇ ਬਾਅਦ ਵਿੱਚ ਉਹ ਅਖੌਤੀ ਪਾਦਰੀਆਂ ਦੇ ਸੰਪਰਕ ਵਿੱਚ ਆਏ, ਜਿਨ੍ਹਾਂ ਨੇ ਇਹ ਰੋਗ ਠੀਕ ਕਰਨ ਦਾ ਦਾਅਵਾ ਕੀਤਾ। ਉਨ੍ਹਾਂ ਦੱਸਿਆ ਕਿ ਉਹ ਅਖੌਤੀ ਪਾਦਰੀਆਂ ਦੀ ਸਭਾ ਵਿੱਚ ਇਸ ਆਸ ਨਾਲ ਹੀ ਜਾਂਦੇ ਸਨ ਕਿ ਉਨ੍ਹਾਂ ਦਾ ਪੁੱਤਰ ਠੀਕ ਹੋ ਜਾਵੇਗਾ ਪਰੰਤੂ ਉਨ੍ਹਾਂ ਨੂੰ ਇਹ ਉਮੀਦ ਨਹੀਂ ਸੀ ਕਿ ਉੱਥੇ ਪ੍ਰਬੰਧਾਂ ਦੀ ਅਣਗਹਿਲੀ ਕਾਰਨ ਉਸ ਦੀ ਜਾਨ ਹੀ ਚਲੇ ਜਾਵੇਗੀ। ਪਰਿਵਾਰ ਨੇ ਜਥੇਦਾਰ ਗੜਗੱਜ ਨੂੰ ਇਹ ਜਾਣਕਾਰੀ ਵੀ ਦਿੱਤੀ ਕਿ ਉਨ੍ਹਾਂ ਦੇ ਵਡੇਰੇ ਅਤੇ ਪੂਰਾ ਪਰਿਵਾਰ ਸਿੱਖੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਿਸ਼ਵਾਸ ਰੱਖਣ ਵਾਲੇ ਹਨ ਪਰੰਤੂ ਉਨ੍ਹਾਂ ਦਾ ਇੱਕ ਭਰਾ (ਮ੍ਰਿਤਕ ਦਾ ਪਿਤਾ) ਆਪਣੇ ਲੜਕੇ ਦਾ ਰੋਗ ਠੀਕ ਹੋਣ ਦੇ ਭਰਮ ਭੁਲੇਖੇ ਵਿੱਚ ਆ ਕੇ ਅਖੌਤੀ ਪਾਦਰੀਆਂ ਦੇ ਚੱਕਰ ਵਿੱਚ ਫੱਸ ਗਿਆ। ਪਰਿਵਾਰ ਦੇ ਮੈਂਬਰਾਂ ਨੇ ਜਥੇਦਾਰ ਗੜਗੱਜ ਨੂੰ ਇਹ ਵੀ ਦੱਸਿਆ ਕਿ ਅਖੌਤੀ ਪਾਦਰੀ ਉਨ੍ਹਾਂ ਦੀ ਗ਼ਰੀਬੀ ਦਾ ਫਾਇਦਾ ਉਠਾ ਕੇ ਉਨ੍ਹਾਂ ਦੇ ਬੱਚਿਆਂ ਨੂੰ ਵਰਗਲ਼ਾ ਕੇ ਅਤੇ ਭਰਮ ਭੁਲੇਖਿਆਂ ਵਿੱਚ ਪਾ ਕੇ ਉਨ੍ਹਾਂ ਦਾ ਧਰਮ ਪਰਿਵਰਤਨ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਹੋਰ ਲੋਕਾਂ ਨੂੰ ਵੀ ਨਾਲ ਜੋੜਣ ਲਈ ਆਖਦੇ ਹਨ। ਪਰਿਵਾਰ ਨੇ ਇਹ ਵੀ ਦੱਸਿਆ ਕਿ ਅਖੌਤੀ ਪਾਦਰੀਆਂ ਵੱਲੋਂ ਉਨ੍ਹਾਂ ਨੂੰ ਗੁਰਦੁਆਰਾ ਸਾਹਿਬ ਜਾਂ ਹੋਰ ਧਾਰਮਿਕ ਅਸਥਾਨਾਂ ਉੱਤੇ ਜਾਣ ਤੋਂ ਅਤੇ ਉੱਥੋਂ ਦਾ ਪ੍ਰਸ਼ਾਦ, ਲੰਗਰ ਛਕਣ ਤੋਂ ਵੀ ਵਰਜਿਆ ਜਾਂਦਾ ਸੀ।



ਇਸ ਦੌਰਾਨ ਜਥੇਦਾਰ ਗੜਗੱਜ ਨੇ ਪਟਿਆਲਾ ਦੇ ਸੀਨੀਅਰ ਪੁਲਿਸ ਕਪਤਾਨ ਸ੍ਰੀ ਵਰੁਣ ਸ਼ਰਮਾ ਨਾਲ ਵੀ ਫ਼ੋਨ ਉੱਤੇ ਗੱਲ ਕਰਕੇ ਉਨ੍ਹਾਂ ਨੂੰ ਆਖਿਆ ਕਿ ਇਸ ਪੀੜਤ ਅਤੇ ਗ਼ਰੀਬ ਪਰਿਵਾਰ ਨਾਲ ਇਨਸਾਫ਼ ਹੋਣਾ ਚਾਹੀਦਾ ਹੈ ਅਤੇ ਦੋਸ਼ੀ ਵਿਅਕਤੀਆਂ ਦੇ ਵਿਰੁੱਧ ਸਖ਼ਤ ਕਾਨੂੰਨੀ ਧਾਰਾਵਾਂ ਤਹਿਤ ਕਾਰਵਾਈ ਹੋਣੀ ਚਾਹੀਦੀ ਹੈ। ਜਥੇਦਾਰ ਗੜਗੱਜ ਨੇ ਪੀੜਤਾਂ ਨੂੰ ਹੌਸਲਾ ਦੇਣ ਲਈ ਗੁਰਬਾਣੀ ਦਾ ਜਾਪ ਕੀਤਾ ਅਤੇ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ।

ਜਥੇਦਾਰ ਗੜਗੱਜ ਨੇ ਕਿਹਾ ਕਿ ਪੰਜਾਬ ਦਾ ਇਹ ਸੁਭਾਅ ਨਹੀਂ ਹੈ ਕਿ ਇੱਥੇ ਕਿਸੇ ਧਰਮ ਜਾਂ ਲੋਕਾਂ ਪ੍ਰਤੀ ਕੋਈ ਨਫ਼ਰਤ ਫੈਲਾਈ ਜਾਵੇ ਬਲਕਿ ਇਹ ਧਰਤੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਖ਼ਸ਼ੇ ਸਰਬੱਤ ਦੇ ਭਲੇ ਦੇ ਸਿਧਾਂਤ ਅਨੁਸਾਰ ਜਿਉਂਦੀ ਹੈ। ਇੱਥੇ ਸਾਰੇ ਭਾਈਚਾਰਿਆਂ ਦੇ ਲੋਕ ਆਪਸੀ ਪਿਆਰ ਅਤੇ ਸਾਂਝ ਨਾਲ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਕੁਝ ਅਖੌਤੀ ਪਾਦਰੀਆਂ ਵੱਲੋਂ ਲਗਾਤਾਰ ਲੋਕਾਂ ਨੂੰ ਵਹਿਮਾਂ ਭਰਮਾਂ, ਚਮਤਕਾਰਾਂ, ਬਿਮਾਰੀਆਂ ਦੇ ਇਲਾਜਾਂ ਜਿਹੇ ਪਖੰਡਾਂ ਵਿੱਚ ਵਰਗਲ਼ਾ ਕੇ ਅਤੇ ਫਸਾ ਕੇ ਉਨ੍ਹਾਂ ਦਾ ਧਰਮ ਪਰਿਵਰਤਨ ਕੀਤਾ ਜਾ ਰਿਹਾ ਹੈ ਅਤੇ ਸਰਕਾਰਾਂ ਇਸ ਨੂੰ ਠੱਲ੍ਹਣ ਦੀ ਬਜਾਏ ਅੱਖਾਂ ਬੰਦ ਕਰਕੇ ਬੈਠੀਆਂ ਹਨ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਸਤਰਕ ਕੀਤਾ ਕਿ ਇਨ੍ਹਾਂ ਅਖੌਤੀ ਪਾਦਰੀਆਂ ਦੇ ਭਰਮ ਭੁਲੇਖਿਆਂ ਵਿੱਚ ਨਾ ਫੱਸਣ ਅਤੇ ਜੇਕਰ ਕਿਸੇ ਨੂੰ ਕੋਈ ਸ਼ਰੀਰਕ ਰੋਗ ਹੋਵੇ ਤਾਂ ਮੈਡੀਕਲ ਜਾਂਚ ਕਰਵਾ ਕੇ ਡਾਕਟਰੀ ਇਲਾਜ ਕਰਵਾਇਆ ਜਾਵੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਨਾਲ ਜੁੜਿਆ ਜਾਵੇ ਤੇ ਇੱਕ ਅਕਾਲ ਪੁਰਖ ਉੱਤੇ ਭਰੋਸਾ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਸਭ ਨੂੰ ਆਪੋ-ਆਪਣੇ ਧਰਮ ਨਿਭਾਉਣ ਦਾ ਅਤੇ ਉਸ ਦਾ ਪ੍ਰਚਾਰ ਪ੍ਰਸਾਰ ਕਰਨ ਦਾ ਪੂਰਾ ਅਧਿਕਾਰ ਹੈ ਪਰੰਤੂ ਧਰਮ ਦੀ ਆੜ ਵਿੱਚ ਲੋਕਾਂ ਨੂੰ ਗੁੰਮਰਾਹ ਕਰਨਾ ਕਿਸੇ ਵੀ ਤਰ੍ਹਾਂ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਜਥੇਦਾਰ ਗੜਗੱਜ ਨੇ ਪੰਜਾਬ ਸਰਕਾਰ ਨੂੰ ਇਨ੍ਹਾਂ ਪਖੰਡੀਆਂ ਨੂੰ ਠੱਲ੍ਹਣ ਅਤੇ ਇਸ ਘਟਨਾ ਦੇ ਦੋਸ਼ੀਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕਰਨ ਲਈ ਆਖਿਆ। ਉਨ੍ਹਾਂ ਕਿਹਾ ਕਿ ਸਿੱਖ, ਈਸਾਈ, ਮੁਸਲਿਮ ਦੇਸ਼ ਅੰਦਰ ਘੱਟ ਗਿਣਤੀ ਕੌਮਾਂ ਹਨ, ਜਿਨ੍ਹਾਂ ਨੂੰ ਹਮੇਸ਼ਾ ਆਪਸ ਸਾਂਝ ਨਾਲ ਰਹਿਣਾ ਚਾਹੀਦਾ ਹੈ ਅਤੇ ਜੇਕਰ ਪੰਜਾਬ ਅੰਦਰ ਕੁਝ ਅਖੌਤੀ ਪਾਦਰੀ ਗਲਤ ਕਾਰਜ ਕਰ ਰਹੇ ਹਨ ਤਾਂ ਇਸਾਈ ਭਾਈਚਾਰੇ ਦੇ ਆਗੂਆਂ ਨੂੰ ਆਪ ਇਨ੍ਹਾਂ ਨੂੰ ਰੋਕਣਾ ਚਾਹੀਦਾ ਹੈ।

ਜਥੇਦਾਰ ਗੜਗੱਜ ਨੇ ਕਿਹਾ ਕਿ ਬੀਤੇ ਸਮੇਂ ਸਿੱਖ ਅਤੇ ਇਸਾਈ ਭਾਈਚਾਰਿਆਂ ਦੇ ਧਾਰਮਿਕ ਆਗੂਆਂ ਦੇ ਵਿਚਕਾਰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਇਕੱਤਰਤਾ ਹੋਈ ਹੈ, ਜਿਸ ਵਿੱਚ ਇਹ ਸਹਿਮਤੀ ਬਣੀ ਸੀ ਕਿ ਪੰਜਾਬ ਅੰਦਰ ਧਰਮ ਪ੍ਰਚਾਰ ਲਈ ਕਰੂਸੇਡ ਨਾਮ ਦੀ ਵਰਤੋਂ ਨਹੀਂ ਕੀਤੀ ਜਾਵੇਗੀ। ਉਸ ਸਮੇਂ ਰੋਮ ਕੈਥੋਲਿਕ ਚਰਚ, ਮਸੀਹੀ ਮਹਾਂਸਭਾ ਪੰਜਾਬ, ਐਂਜਲੀਕਲ ਸੁਸਾਇਟੀ ਦੇ ਨੁਮਾਇੰਦਿਆਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪਹੁੰਚ ਕੇ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਦੇ ਨਾਲ ਵਿਚਾਰ ਚਰਚਾ ਕੀਤੀ ਗਈ ਸੀ। ਇਸਾਈ ਧਰਮ ਦੇ ਕੈਥੋਲਿਕ ਨੁਮਾਇੰਦਿਆਂ ਨੇ ਲਿਖਤੀ ਰੂਪ ਦੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਇਹ ਦਿੱਤਾ ਸੀ ਕਿ ਕਰੂਸੇਡ ਸ਼ਬਦ ਦੀ ਵਰਤੋਂ ਰੋਮ ਕੈਥੋਲਿਕ ਚਰਚ ਵੱਲੋਂ ਵਰਜਿਤ ਹੈ। ਇਸਾਈ ਨੁਮਾਇੰਦਿਆਂ ਵੱਲੋਂ ਇਹ ਕਿਹਾ ਗਿਆ ਸੀ ਕਿ ਪੰਜਾਬ ਅੰਦਰ ਜਿਹੜੇ ਅਖੌਤੀ ਪਾਦਰੀਆਂ ਵੱਲੋਂ ਕਰੂਸੇਡ ਸ਼ਬਦ ਦੀ ਵਰਤੋਂ ਕੀਤੀ ਜਾ ਰਹੀ ਹੈ, ਉਹ ਚਰਚ ਦੇ ਮੈਂਬਰ ਨਹੀਂ ਸਗੋਂ ਨਕਲੀ ਡੇਰੇਦਾਰ ਹਨ ਜੋ ਪੈਸਾ ਕਮਾਉਣ ਲਈ ਅਜਿਹਾ ਕਰ ਰਹੇ ਹਨ, ਜੋ ਕਿ ਕਰਾਈਸਟ ਅਤੇ ਬਾਈਬਲ ਵਿਰੋਧੀ ਹੈ। ਜਥੇਦਾਰ ਗੜਗੱਜ ਨੇ ਕਿਹਾ ਕਿ ਇਸ ਦੇ ਬਾਵਜੂਦ ਪੰਜਾਬ ਅੰਦਰ ਕਈ ਥਾਵਾਂ ਉੱਤੇ ਕਰੂਸੇਡ ਨਾਮ ਦੀ ਵਰਤੋਂ ਕਰਕੇ ਸੂਬੇ ਦਾ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਜੇਕਰ ਭਵਿੱਖ ਵਿੱਚ ਕੋਈ ਅਣਸੁਖਾਵੀਂ ਘਟਨਾ ਵਾਪਰਦੀ ਹੈ ਤਾਂ ਇਸ ਦਾ ਦੋਸ਼ੀ ਫਿਰ ਸਿੱਖਾਂ ਨੂੰ ਹੀ ਬਣਾਇਆ ਜਾਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

ਬੇਅਦਬੀ ਸਬੰਧੀ ਬਿੱਲ

# ਕੇਜਰੀਵਾਲ ਦਾ ਰਾਜਨੀਤਿਕ ਸਟੰਟ : ਪ੍ਰੋ. ਸਰਚਾਂਦ ਸਿੰਘ ਖਿਆਲਾ

**ਅੰਮ੍ਰਿਤਸਰ, 15 ਜੁਲਾਈ (ਆਵਾਜ਼ਿ ਕੌਮ ਬਿਊਰੋ)**- ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਪੰਜਾਬ ਵਿਧਾਨ ਸਭਾ ਵਿੱਚ ਲਿਆਂਦੇ ਗਏ ਬੇਅਦਬੀ ਸੰਬੰਧੀ ਬਿੱਲ ਨੂੰ ਅਰਵਿੰਦ ਕੇਜਰੀਵਾਲ ਦਾ ਰਾਜਨੀਤਿਕ ਸਟੰਟ ਕਰਾਰ ਦਿੰਦਿਆਂ ਕਿਹਾ ਕਿ ਜੇਕਰ ਆਮ ਆਦਮੀ ਪਾਰਟੀ ਬੇਅਦਬੀ ਮਾਮਲਿਆਂ 'ਤੇ ਇਮਾਨਦਾਰ ਅਤੇ ਸਾਫ਼ ਨੀਅਤ ਰੱਖਦੀ ਹੁੰਦੀ, ਤਾਂ 2015 ਤੋਂ ਲੈ ਕੇ ਹੁਣ ਤੱਕ ਕਿਸੇ ਇੱਕ ਵੀ ਮਾਮਲੇ ਵਿੱਚ ਦੋਸ਼ੀਆਂ ਨੂੰ ਸਜ਼ਾ ਕਿਉਂ ਨਹੀਂ ਹੋਈ ? ਉਹਨਾਂ ਤੰਜ਼ ਕਰਦੇ ਹੋਏ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੌਰਾਨ ਜੇ ਕਿਸੇ ਇਕ ਬੇਅਦਬੀ ਮਾਮਲੇ ਵਿੱਚ ਸਜ਼ਾ ਹੋਈ ਹੈ, ਤਾਂ ਉਹ 'ਆਪ' ਦੇ ਆਪਣੇ ਵਿਧਾਇਕ ਨਰੇਸ਼ ਯਾਦਵ ਨੂੰ ਹੀ ਹੋਈ ਹੈ, ਜਿਸਨੂੰ ਅਦਾਲਤ ਨੇ ਦੋ ਸਾਲ ਦੀ ਸਜ਼ਾ ਸੁਣਾਈ।



ਪ੍ਰੋ. ਖਿਆਲਾ ਨੇ ਅਫ਼ਸੋਸ ਜਤਾਉਂਦੇ ਹੋਏ ਕਿਹਾ ਕਿ ਵਿਧਾਨ ਸਭਾ ਵਿੱਚ ਇਸ ਬਿੱਲ 'ਤੇ ਗੰਭੀਰ ਚਰਚਾ ਕਰਨ ਦੀ ਥਾਂ ਕੇਵਲ ਅਤੀਤ ਨੂੰ ਲੈ ਕੇ ਵਿਰੋਧੀਆਂ ਦੀ ਆਲੋਚਨਾ ਕੀਤੀ ਗਈ , ਸਰਕਾਰ ਕੋਲ ਪ੍ਰਾਪਤੀ ਦੱਸਣ ਲਈ ਕੁਝ ਨਹੀਂ ਤਾਂ ਵਿਰੋਧੀਆਂ ਨੂੰ ਕੋਸਣ 'ਤੇ ਦਿੱਤਾ ਗਿਆ ਜ਼ੋਰ"। ਉਹਨਾਂ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਵਿਧਾਇਕ ਅਮਨ ਅਰੋੜਾ ਨੇ ਵਿਧਾਨ ਸਭਾ ਵਿੱਚ ਝੂਠ ਬੋਲ ਕੇ ਪਵਿੱਤਰ ਸਦਨ ਨੂੰ ਗੁਮਰਾਹ ਕੀਤਾ ।ਅਰੋੜਾ ਨੇ ਦਾਅਵਾ ਕੀਤਾ ਕਿ 9 ਅਪਰੈਲ 2025 ਨੂੰ ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਦੀ ਗੱਲ ਨਹੀਂ ਮੰਨੀ, ਜਦਕਿ ਹਕੀਕਤ ਇਹ ਹੈ ਕਿ ਸੰਬੰਧਿਤ ਕੇਸ 29 ਅਪਰੈਲ 2025 ਦਾ ਹੈ ਜਿਸ ਵਿੱਚ ਪੰਜਾਬ ਸਰਕਾਰ ਦੇ ਵਕੀਲਾਂ ਨੇ ਡੇਰਾ ਸਿਰਸਾ ਦੇ ਵਕੀਲਾਂ ਨਾਲ ਮਿਲ ਕੇ ਫਾਈਨਲ ਸੁਣਵਾਈ ਤੱਕ ਕੋਈ ਕਾਰਵਾਈ ਨਾ ਹੋਣ ਦੀ ਸਾਂਝੀ ਸਹਿਮਤੀ ਅੰਦਰ ਅੰਡਰਟੇਕਿੰਗ ਦੇ ਕੇ ਦਰਜ ਕੀਤੀ।

> **ਵਿਧਾਨ ਸਭਾ 'ਚ ਸਰਕਾਰ ਕੋਲ ਪ੍ਰਾਪਤੀ ਦੱਸਣ ਲਈ ਕੁਝ ਨਹੀਂ ਤਾਂ ਵਿਰੋਧੀਆਂ ਨੂੰ ਕੋਸਣ 'ਤੇ ਦਿੱਤਾ ਗਿਆ ਜ਼ੋਰ"**

ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਚੋਣਾਂ ਦੌਰਾਨ 24 ਘੰਟਿਆਂ ਵਿੱਚ ਬੇਅਦਬੀ ਦੇ ਮਾਮਲੇ ਹੱਲ ਕਰਨ ਦਾ ਵਾਅਦਾ ਕੀਤਾ ਸੀ, ਪਰ ਸਰਕਾਰ ਬਣਨ ਮਗਰੋਂ ਇਸ ਮੱਦੇ ਨੂੰ ਗੰਭੀਰਤਾ ਨਾਲ ਨਹੀਂ ਲਿਆ ਗਿਆ। ਉਹਨਾਂ ਕਿਹਾ ਕਿ ਮੌਜੂਦਾ ਪੰਜਾਬ ਬਿੱਲ ਦਾ ਮਕਸਦ ਸਿਰਫ਼ 2027 ਦੀਆਂ ਚੋਣਾਂ ਨੂੰ ਧਿਆਨ ਵਿੱਚ ਰੱਖ ਕੇ ਕੇਂਦਰ ਸਰਕਾਰ ਅਤੇ ਭਾਜਪਾ ਨੂੰ ਨਿਸ਼ਾਨਾ ਬਣਾਉਣਾ ਹੈ। ਉਹਨਾਂ ਯਾਦ ਦਿਵਾਇਆ ਕਿ 2016 ਅਤੇ 2018 ਵਿੱਚ ਪਾਸ ਹੋਏ ਇਸੇ ਤਰ੍ਹਾਂ ਦੇ ਦੋ ਬਿੱਲਾਂ ਨੂੰ ਰਾਸ਼ਟਰਪਤੀ ਵੱਲੋਂ ਸੰਵਿਧਾਨਕ ਆਪੱਤੀਆਂ ਕਾਰਨ ਮਨਜ਼ੂਰੀ ਨਹੀਂ ਦਿੱਤੀ ਗਈ ਸੀ ।ਹੁਣ ਫਿਰ ਉਹੀ ਰਣਨੀਤੀ ਦੁਹਰਾਈ ਜਾ ਰਹੀ ਹੈ। ਇਹ ਨਵਾਂ ਬਿੱਲ ਭਾਰਤੀ ਸੰਵਿਧਾਨ ਦੀਆਂ ਧਾਰਾਵਾਂ - ਧਾਰਾ 25 ਤੋਂ 28 (ਧਾਰਮਿਕ ਆਜ਼ਾਦੀ), ਧਾਰਾ 19 (ਪ੍ਰਗਟਾਵੇ ਦੀ ਆਜ਼ਾਦੀ), ਧਾਰਾ 14 (ਸਮਾਨਤਾ ਦਾ ਅਧਿਕਾਰ) ਅਤੇ ਹਾਲ ਹੀ ਵਿੱਚ ਲਾਗੂ ਹੋਈ ਭਾਰਤੀ ਨਿਆਂ ਸੰਹਿਤਾ (BNS) ਵਰਗੇ ਮੌਜੂਦਾ ਕਾਨੂੰਨਾਂ ਦੇ ਅਤੇ ਕਾਨੂੰਨੀ, ਸੰਵਿਧਾਨਕ ਅਤੇ ਵਿਹਾਰਿਕ ਚੁਨੌਤੀਆਂ ਵਿਚ ਘਿਰਿਆ ਹੋਇਆ ਹੈ। ਇਹ ਬਿੱਲ ਭਾਰਤੀ ਨਿਆਂ ਸੰਹਿਤਾ (BNS) ਵਰਗੇ ਰਾਸ਼ਟਰੀ ਕਾਨੂੰਨ ਨੂੰ ਬਾਈਪਾਸ ਕਰਦਾ ਹੈ, ਜਿਸ ਨਾਲ ਸੰਵਿਧਾਨਕ ਟਕਰਾਅ ਦਾ ਰਾਹ ਖੁੱਲ ਜਾਵੇਗਾ।

ਪ੍ਰੋ. ਖਿਆਲਾ ਨੇ ਸਾਫ਼ ਕਿਹਾ ਕਿ ਇਹ ਬਿੱਲ ਕਈ ਕਮੀਆਂ ਨਾਲ ਭਰਪੂਰ ਹੈ - ਜਿਵੇਂ ਕਿ ਇਸ ਵਿੱਚ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਟਕਾ ਸਾਹਿਬ, ਭਗਵਦ ਗੀਤਾ, ਕੁਰਾਨ ਸ਼ਰੀਫ਼ ਅਤੇ ਬਾਈਬਲ ਨੂੰ ਹੀ ਸ਼ਾਮਿਲ ਕੀਤਾ ਗਿਆ ਹੈ, ਜਦਕਿ ਬੌਧ , ਪਾਰਸੀ ਅਤੇ ਜੈਨ ਧਰਮ ਦੇ ਪਵਿੱਤਰ ਗ੍ਰੰਥਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ ਹੈ। ਇਨ੍ਹਾਂ ਤੋਂ ਇਲਾਵਾ ਪੰਜਾਬ ਦੀ ਲੋਕਧਾਰਾ ਅਤੇ ਸੱਭਿਆਚਾਰਿਕ ਧਾਰਮਿਕ ਪ੍ਰਤੀਕਾਂ ਨੂੰ ਵੀ ਬਿੱਲ ਵਿੱਚ ਕੋਈ ਸਥਾਨ ਨਹੀਂ ਦਿੱਤਾ ਗਿਆ। ਇਹ ਬਿੱਲ ਕਿਸੇ ਧਾਰਮਿਕ ਅਸਥਾਨ ਜਾਂ ਧਾਰਮਿਕ ਸਮਗਰੀ ਦੀ ਬੇਅਦਬੀ ਦੀ ਸਪਸ਼ਟ ਪਰਿਭਾਸ਼ਾ ਵੀ ਨਹੀਂ ਦਿੰਦਾ।

ਸਿੱਖ ਧਰਮ ਦੀ ਗੱਲ ਕਰਦਿਆਂ ਉਹਨਾਂ ਕਿਹਾ ਕਿ ਸਿਰਫ਼ ਗੁਰੂ ਗ੍ਰੰਥ ਸਾਹਿਬ ਜੀ ਨੂੰ ਸ਼ਾਮਿਲ ਕਰਨਾ ਹੀ ਕਾਫ਼ੀ ਨਹੀਂ, ਕਿਉਂਕਿ ਸਿੱਖ ਧਰਮ ਵਿੱਚ ਦਸਮ ਗ੍ਰੰਥ ਅਤੇ ਹੋਰ ਗ੍ਰੰਥਾਂ ਦਾ ਵੀ ਮਹੱਤਵਪੂਰਨ ਅਸਥਾਨ ਹੈ।

ਉਹਨਾਂ ਦੱਸਿਆ ਕਿ ਥਾਣਾ ਬਾਜੇਖਾਨਾ ਵਿੱਚ ਦਰਜ ਕੇਸਾਂ ਨੂੰ ਚਲਾਉਣ ਲਈ ਪੰਜਾਬ ਪੁਲੀਸ ਨੇ ਮਈ 2022 ਵਿੱਚ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਧਾਰਾ 196 ਅਧੀਨ ਇਜਾਜ਼ਤ ਲਈ ਅਰਜ਼ੀ ਦਿੱਤੀ ਸੀ, ਜਿਸ ਉੱਤੇ ਲਗਭਗ ਢਾਈ ਸਾਲ ਬਾਅਦ 21 ਅਕਤੂਬਰ 2024 ਨੂੰ ਮਨਜ਼ੂਰੀ ਮਿਲੀ, ਜਿਸ ਵਿੱਚ ਰਾਮ ਰਹੀਮ ਸਮੇਤ 11 ਦੋਸ਼ੀ ਸ਼ਾਮਿਲ ਹਨ। ਪਰ ਇਨ੍ਹਾਂ ਮਾਮਲਿਆਂ ਵਿੱਚ ਅਜੇ ਤੱਕ ਕੋਈ ਕਾਰਵਾਈ ਜਾਂ ਪ੍ਰਗਤੀ ਨਹੀਂ ਹੋਈ। ਇੱਥੋਂ ਤੱਕ ਕਿ ਆਮ ਆਦਮੀ ਪਾਰਟੀ ਵੱਲੋਂ ਨਿਯੁਕਤ ਚਾਰ ਵਿੱਚੋਂ ਦੋ ਐਡਵੋਕੇਟ ਜਨਰਲ ਐਸੇ ਰਹੇ, ਜਿਨ੍ਹਾਂ ਨੇ ਡੇਰਾ ਸਿਰਸਾ ਦੇ ਮਾਮਲਿਆਂ ਵਿੱਚ ਵਕਾਲਤ ਕੀਤੀ ਸੀ।

ਅੰਤ ਵਿੱਚ ਪ੍ਰੋ. ਖਿਆਲਾ ਨੇ ਕੇਜਰੀਵਾਲ ਨੂੰ ਚੇਤਾਵਨੀ ਦਿੱਤੀ ਕਿ ਉਹ ਪੰਜਾਬੀ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਅਤੇ ਵਿਸ਼ਵਾਸ ਨਾਲ ਖੇਡਣ ਦੀ ਥਾਂ ਉਨ੍ਹਾਂ ਨੂੰ ਇਨਸਾਫ਼ ਅਤੇ ਸੱਚਾਈ ਦਿੱਤੀ ਜਾਵੇ। ਸਿੱਖ ਅਤੇ ਪੰਜਾਬੀ ਭਾਈਚਾਰਾ ਇਸ ਮਸਲੇ ਉੱਤੇ ਸੁਚੇਤ ਹੈ ਅਤੇ ਉਨ੍ਹਾਂ ਨੂੰ ਝੂਠੀ ਰਾਜਨੀਤਿਕ ਹਮਦਰਦੀ ਨਹੀਂ, ਸੱਚਾ ਇਨਸਾਫ਼ ਚਾਹੀਦਾ ਹੈ। ਜਿਸ ਦੀ ਆਪ ਸਰਕਾਰ ਤੋਂ ਕੋਈ ਉਮੀਦ ਨਹੀਂ ।

# ਭਗਵੰਤ ਕੰਵਲ ਸਿਰ ਮੁੜ ਸਜਿਆ ਯੂਥ ਪ੍ਰਧਾਨਗੀ ਦਾ ਤਾਜ

**ਚੌਂਕ ਮਹਿਤਾ,15 ਜੁਲਾਈ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਅੰਮ੍ਰਿਤਸਰ ਤੋਂ ਆਮ ਆਦਮੀ ਪਾਰਟੀ ਦੇ ਕੌਂਸਲਰ ਭਗਵੰਤ ਸਿੰਘ ਕੰਵਲ ਦੇ ਸਿਰ ਇਕ ਵਾਰ ਫਿਰ ਤੋਂ ਯੂਥ ਵਿੰਗ ਦੀ ਜ਼ਿਲ੍ਹਾ ਪ੍ਰਧਾਨਗੀ ਦਾ ਤਾਜ ਸਜਿਆ ਹੈ। ਇਹ ਰੁਤਬਾ ਉਨ੍ਹਾ ਨੂੰ ਮੁੜ ਮਿਲਣ ਤੋਂ ਸਿੱਧ ਹੁੰਦਾ ਹੈ ਕਿ ਉਹ ਪਾਰਟੀ ਦੀ ਤਰੱਕੀ ਲਈ ਨੌਜਵਾਨਾਂ ਨੂੰ ਪਾਰਟੀ ਨਾਲ ਲਾਮਬੰਦ ਕਰਨ ਵਿਚ ਕਾਮਯਾਬ ਰਹੇ ਹਨ। ਜ਼ਿਲ੍ਹਾ ਯੂਥ ਵਿੰਗ ਪ੍ਰਧਾਨਗੀ ਨਾਲ ਨਿਵਾਜੇ ਜਾਣ ਉਪਰੰਤ ਭਗਵੰਤ ਸਿੰਘ ਕਵਲ ਨੇ ਮੀਡੀਆ ਮੁਖਾਤਿਬ ਹੁੰਦਿਆਂ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਸਮੇਤ ਸਮੁੱਚੀ ਹਾਈ ਕਮਾਂਡ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ ਅਤੇ ਦਾਵਾ ਕੀਤਾ ਕਿ ਉਹ ਇਸੇ ਤਰ੍ਹਾਂ ਹੀ ਪਾਰਟੀ ਦੀ ਅਗਵਾਈ ਵਿੱਚ ਪੰਜਾਬ ਦੇ ਭਲੇ ਲਈ ਕਾਰਜ ਕਰਦੇ ਰਹਿਣਗੇ। ਉਹਨਾਂ ਕਿਹਾ ਕਿ ਯੂਥ ਸਾਡੇ ਸੂਬੇ ਦਾ ਭਵਿੱਖ ਹੈ ਅਤੇ ਯੂਥ ਦੇ ਲਈ ਹਾਲ ਹੀ ਵਿੱਚ ਪੰਜਾਬ ਸਰਕਾਰ ਨੇ ਖੇਡ ਗਰਾਊਂਡਾਂ ਬਣਾਉਣ ਦਾ ਐਲਾਨ ਕੀਤਾ ਹੈ ਤਾਂ ਜੋ ਯੂਥ ਖੇਡਾਂ ਵੱਲ ਵੱਧ ਕੇ ਨਸ਼ਿਆਂ ਤੋਂ ਦੂਰ ਜਾ ਸਕੇ। ਉਹਨਾਂ ਕਿਹਾ ਕਿ ਸਰਕਾਰ ਵੱਲੋਂ ਅੱਜ ਦੇ ਇਹ ਵਿੱਢੇ ਯੋਗ ਉਪਰਾਲੇ ਭਵਿੱਖ ਵਿੱਚ ਵੱਡੇ ਬਦਲਾਅ ਲੈ ਕੇ ਆਉਣਗੇ, ਜਿਸ ਸਦਕਾ ਸਾਡਾ ਰੰਗਲਾ ਪੰਜਾਬ ਮੁੜ ਬਹਾਲ ਹੋਏਗਾ।



# ਹਰਿਆਣਾ ਕਮੇਟੀ ਪ੍ਰਧਾਨ ਝੀਂਡਾ ਵੱਲੋਂ 26 ਜੂਨ ਮਨਾਏ ਗਏ ਕਾਲਾ ਦਿਵਸ 'ਤੇ ਹੋਏ ਖਰਚ ਦੀ ਕਰਾਂਗੇ ਜਾਂਚ - ਜਥੇਦਾਰ ਰਾਮਸਰ

**ਚੰਡੀਗੜ੍ਹ, 15 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਜਗਦੀਸ਼ ਸਿੰਘ ਝੀਂਡਾ ਵੱਲੋਂ ਕਾਰਜ਼ਕਰਨੀ ਅਤੇ ਜਨਰਲ ਹਾਊਸ ਦੇ ਸਾਥੀਆਂ ਨੂੰ ਭਰੋਸੇ ਵਿੱਚ ਲਏ ਤੋਂ ਬਿਨਾਂ ਅਪਹੁਦਰੀਆਂ ਲਗਾਤਾਰ ਕੀਤੀਆਂ ਜਾ ਰਹੀਆਂ ਹਨ ਜੋ ਕਿ ਹਰਿਆਣਾ ਕਮੇਟੀ ਅਤੇ ਸਿੱਖ ਸੰਗਤਾਂ ਲਈ ਚਿੰਤਾ ਦਾ ਵਿਸ਼ਾ ਹਨ ਹਰਿਆਣਾ ਕਮੇਟੀ ਵਿੱਚ ਜਨਰਲ ਹਾਊਸ ਵੱਲੋਂ ਕਾਰਜ਼ਕਰਨੀ ਨੂੰ ਦਿੱਤੀਆਂ ਪਾਵਰਾਂ ਕੁਝ ਨਿਰਵਿਵਾਦ ਕੰਮ ਕਰਨ ਲਈ ਪ੍ਰਧਾਨ ਨੂੰ ਦਿੱਤੀਆਂ ਜਾਂਦੀਆਂ ਹਨ ਤਾਂ ਕੇ ਕਮੇਟੀ ਦੇ ਕੰਮ ਵਧੀਆ ਤਰੀਕੇ ਨਾਲ ਚਲਾਏ ਜਾ ਸਕਣ ਪ੍ਰਧਾਨ ਝੀਂਡਾ ਦੇ ਹਾਲਾਤਾਂ ਨੂੰ ਵੇਖਦਿਆਂ ਜਰਨਲ ਹਾਊਸ ਵੱਲੋਂ ਕਾਰਜ਼ਕਰਨੀ ਨੂੰ ਦਿੱਤੀਆਂ ਪਾਵਰਾਂ ਸਰਦਾਰ ਝੀਂਡਾ ਨੂੰ ਨਹੀਂ ਸਨ ਸੌਂਪੀਆਂ ਗਈਆਂ ਤਾਂ ਕੇ ਸਾਰੇ ਕਾਰਜ਼ ਪਾਰਦਰਸ਼ੀ ਅਤੇ ਸਰਬਸੰਮਤੀ ਨਾਲ 11 ਮੈਂਬਰੀ ਕਾਰਜ਼ਕਰਨੀ ਵੱਲੋਂ ਸਲਾਹ ਮਸ਼ਵਰੇ ਨਾਲ ਕੀਤੇ ਜਾ ਸਕਣ ਪਰ ਪ੍ਰਧਾਨ ਝੀਂਡਾ ਵੱਲੋਂ ਪ੍ਰਧਾਨ ਬਨਣ ਦੇ ਨਾਲ ਹੀ ਸਾਰੇ ਕਾਇਦੇ ਕਨੂੰਨ ਛਿੱਕੇ ਟੰਗ ਕੇ ਕਾਰਜ਼ਕਰਨੀ ਨੂੰ ਭਰੋਸੇ ਚ ਲਏ ਤੋਂ ਬਿਨਾਂ ਹੀ ਬਹੁਤ ਸਾਰੇ ਐਲਾਨ ਕੀਤੇ ਗਏ ਹਨ ਜੋ ਕਾਰਜ਼ਕਰਨੀ ਵਿੱਚ ਵੀ ਪਾਸ ਨਹੀਂ ਕੀਤੇ ਗਏ ਜਿਸਦਾ ਕਮੇਟੀ ਨੂੰ ਸਖ਼ਤ ਇਤਰਾਜ਼ ਹੈ ਇਨਾਂ ਵਿਚਾਰਾਂ ਦਾ ਪ੍ਰਗਟਾਵਾ ਮੀਡੀਆ ਨੂੰ ਇੱਕ ਪ੍ਰੈਸਨੋਟ ਜਾਰੀ ਕਰਦਿਆਂ ਜਥੇਦਾਰ ਗੁਰਮੀਤ ਸਿੰਘ ਰਾਮਸਰ ਸੀਨੀਅਰ ਮੀਤ ਪ੍ਰਧਾਨ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੀਤਾ ਜਥੇਦਾਰ ਰਾਮਸਰ ਨੇ ਕਿਹਾ ਕੇ ਪ੍ਰਧਾਨ ਝੀਂਡਾ ਵੱਲੋਂ 26 ਜੂਨ ਨੂੰ ਤਤਕਾਲੀ ਪ੍ਰਧਾਨ ਮੰਤਰੀ ਵੱਲੋਂ 1975 ਵਿੱਚ ਲਗਾਈ ਗਈ ਐਮਰਜੈਂਸੀ ਦੇ ਖਿਲਾਫ ਕਾਲਾ ਦਿਵਸ ਮਨਾਇਆ ਗਿਆ ਸੀ ਤੇ ਪ੍ਰਧਾਨ ਝੀਂਡਾ ਦੀ ਮੀਡੀਆ ਨੂੰ ਦਿੱਤੀ ਸਟੇਟਮੈਂਟ ਅਨੁਸਾਰ 766220 ਦਾ ਖਰਚ ਆਇਆ ਸੀ ਜੋ ਕੇ ਸਿੱਖ ਸੰਗਤਾਂ ਵੱਲ ਦੇਸ਼ ਵਿਦੇਸ਼ ਵਿੱਚੋਂ ਫੰਡ ਇਕੱਠਾ ਕਰਕੇ ਖਰਚ ਕੀਤਾ ਗਿਆ ਹੈ ਇਸ ਕਾਲਾ ਦਿਵਸ ਸਮਾਗਮ ਤੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰੂ ਦੀ ਗੋਲਕ ਦਾ ਇੱਕ ਰੁਪਿਆ ਵੀ ਖਰਚ ਨਹੀਂ ਕੀਤਾ ਗਿਆ ਪ੍ਰਧਾਨ ਝੀਂਡਾ ਨੇ ਇਹ ਵੀ ਸਟੇਟਮੈਂਟ ਦਿੱਤੀ ਹੈ ਕੇ ਸਮਾਗਮ ਤੇ 2000 ਦੇ ਕਰੀਬ ਲੋਕ ਆਪੋ ਆਪਣੇ ਸਾਧਨਾਂ ਦੀ ਵਰਤੋਂ ਕਰਕੇ ਕਾਲਾ ਦਿਵਸ ਵਿੱਚ ਪੁੱਜੇ ਸਨ ਤੇ ਹਰਿਆਣਾ ਕਮੇਟੀ ਦਾ ਕੋਈ ਸਾਧਨ ਨਹੀਂ ਵਰਤਿਆ ਗਿਆ ਅਤੇ ਨਾ ਹੀ ਕੋਈ ਹਰਿਆਣਾ ਕਮੇਟੀ ਦਾ ਮੁਲਾਜ਼ਮ ਬੁਲਾਇਆ ਗਿਆ ਸੀ ਜਦੋਂ ਕੇ ਅੱਜ ਵੀ ਸਮਾਗਮ ਦੀਆਂ ਤਸਵੀਰਾਂ ਅਤੇ ਵੀਡੀਓ ਵੇਖੀਆਂ ਜਾ ਸਕਦੀਆਂ ਹਨ ਕੇ ਸਮਾਗਮ ਵਿੱਚ ਸੈਂਕੜੇ ਮੁਲਾਜ਼ਮ ਹਰਿਆਣਾ ਕਮੇਟੀ ਦੇ ਵੱਖ ਵੱਖ ਗੁਰੂ ਘਰਾਂ ਤੋਂ ਗੁਰੂ ਘਰਾਂ ਦੀਆਂ ਗੱਡੀਆਂ ਤੇ ਸਵਾਰ ਹੋ ਕੇ ਪੁੱਜੇ ਸਨ ਜੋ ਗੁਰੂ ਕੀ ਗੋਲਕ ਦੀ ਸ਼ਰੇਆਮ ਦੁਰਵਰਤੋਂ ਹੋਈ ਸੀ ਪਰ ਪ੍ਰਧਾਨ ਝੀਂਡਾ ਵੱਲੋਂ ਮੀਡੀਆ ਵਿੱਚ ਝੂਠ ਬੋਲ ਕੇ ਸਿੱਖ ਸੰਗਤਾਂ ਨੂੰ ਗੁੰਮਰਾਹ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ ਜਥੇਦਾਰ ਰਾਮਸਰ ਨੇ ਦੱਸਿਆ ਪ੍ਰਧਾਨ ਝੀਂਡਾ ਵੱਲੋਂ 26 ਜੂਨ 2025 ਨੂੰ ਕੁਰੂਕਸ਼ੇਤਰਾ ਯੂਨੀਵਰਸਿਟੀ ਵਿੱਚ ਮਨਾਏ ਗਏ ਐਮਰਜੈਂਸੀ ਵਿਰੋਧੀ ਕਾਲਾ ਦਿਵਸ ਵਿੱਚ ਹੋਏ ਇਕੱਠ ਅਤੇ ਖਰਚ ਦੀ ਜਾਂਚ ਵਾਸਤੇ ਇੱਕ ਪੰਜ ਮੈਂਬਰੀ ਸਬ ਕਮੇਟੀ ਦਾ ਗਠਨ ਕੀਤਾ ਗਿਆ ਹੈ ਜਿਸ ਵਿੱਚ ਹਰਿਆਣਾ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਸ. ਗੁਰਬੀਰ ਸਿੰਘ ਤਲਾਕੌਰ ਯਮੁਨਾਨਗਰ,ਸ.ਬਲਵਿੰਦਰ ਸਿੰਘ ਭਿੰਡਰ ਕੈਂਥਲ ਮੀਤ ਸਕੱਤਰ,ਸ.ਸਵਰਨ ਸਿੰਘ ਬੁੰਗਾ ਟਿੱਬੀ ਮੈਂਬਰ ਪੰਚਕੂਲਾ,ਸ. ਜੋਗਾ ਸਿੰਘ ਯਮੁਨਾਨਗਰ ਮੈਬਰ,ਸ.ਗੁਰਤੇਜ ਸਿੰਘ ਮੈਂਬਰ ਅੰਬਾਲਾ ਸ਼ਾਮਿਲ ਕੀਤੇ ਗਏ ਹਨ ਜੋ ਇਸ ਕਾਲਾ ਦਿਵਸ ਸਮਾਗਮ ਵਿੱਚ ਹੋਏ ਇਕੱਠ ਅਤੇ ਖਰਚ ਦੀ ਜਾਂਚ ਕਰਕੇ ਜਲਦੀ ਰਿਪੋਰਟ ਸੌਂਪਣਗੇ ਉਸ ਤੋਂ ਬਾਅਦ ਅਗਲੇਰੀ ਕਾਰਵਾਈ ਕੀਤੀ ਜਾਵੇਗੀ।



# ਭਰਤੀ ਮੁਹਿੰਮ ਤਹਿਤ ਡੈਲੀਗੇਟਾਂ ਦੀਆਂ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ

ਫ਼ਿਰੋਜ਼ਪੁਰ, 15 ਜੁਲਾਈ (ਮਨੋਹਰ ਲਾਲ) :— ਸ਼੍ਰੋਮਣੀ ਅਕਾਲੀ ਦਲ ਦੀ ਚੱਲ ਰਹੀ ਭਰਤੀ ਮੁਹਿੰਮ ਤਹਿਤ ਫ਼ਿਰੋਜ਼ਪੁਰ ਪੁੱਜੇ ਜਥੇਦਾਰ ਸੰਤਾ ਸਿੰਘ ਉਮੈਦਪੁਰੀਆ ਨਾਲ ਵੱਡੀ ਗਿਣਤੀ ਪਾਰਟੀ ਵਰਕਰਾਂ ਨੇ ਮੀਟਿੰਗ ਕੀਤੀ, ਜਿਸ ਉਪਰੰਤ ਹਲਕਾ ਵਾਰ ਡੈਲੀਗੇਟ ਦੀ ਚੋਣ ਸਬੰਧੀ ਪ੍ਰੋਗਰਾਮ ਉਲੀਕਿਆ ਗਿਆ। ਇਸ ਹਲਕਾ ਵਾਰ ਮੀਟਿੰਗ ਵਿੱਚ ਇੱਕ—ਇੱਕ ਕਾਪੀ ਭਰਨ ਵਾਲਾ ਹਰੇਕ ਸਾਰੇ ਸਰਕਲ ਡੈਲੀਗੇਟ ਹਿੱਸਾ ਲੈਣਗੇ। ਡੈਲੀਗੇਟਾਂ ਤੋ ਬਿੰਨਾ ਕੋਈ ਵੀ ਇਸ ਮੀਟਿੰਗ ਵਿੱਚ ਨਹੀਂ ਹੋਵੇਗਾ। ਉਨ੍ਹਾਂ ਦੱਸਿਆ ਕਿ ਡੈਲੀਗੇਟ ਦੀ ਮੀਟਿੰਗ 25 ਜੁਲਾਈ ਨੂੰ ਸਵੇਰੇ 10 ਵਜੇ ਸ੍ਰੀ ਮੁਕਤਸਰ ਸਾਹਿਬ, 11:30 ਵਜੇ ਮਲੋਟ, 12:30 ਵਜੇ ਲੰਬੀ, 01:15 ਹਲਕਾ ਗਿੱਦੜਬਾਹਾ ਦੀ ਮੀਟਿੰਗ ਹੋਵੇਗੀ। ਉਨ੍ਹਾਂ ਦੱਸਿਆ ਕਿ 3 ਵਜੇ ਫਿਰੋਜਪੁਰ ਜਿਲੇ ਦੇ ਤਿੰਨ ਹਲਕਿਆਂ ਦੀ ਮਿਟਿੰਗ ਇਕੋ ਥਾਂ ਤੇ ਹਲਕਾ ਵਾਰ ਹੋਵੇਗੀ, ਜਦੋਂ ਕਿ 3 ਵਜੇ ਹਲਕਾ ਗੁਰੂਹਰਸਹਾਏ, 4 ਵਜੇ ਹਲਕਾ ਫਿਰੋਜਪੁੱਰ ਦਿਹਾਤੀ, 4:45 ਵਜੇ ਫਿਰੋਜਪੁਰ ਸਿਟੀ ਦੀ ਚੋਣ ਹੋਵੇਗੀ। ਗੱਲਬਾਤ ਕਰਦਿਆਂ ਆਗੂਆਂ ਨੇ ਦੱਸਿਆ ਕਿ 26 ਜੁਲਾਈ ਨੂੰ ਸਵੇਰੇ 10 ਵਜੇ ਫਾਜਿਲਕਾ ਜਿਲੇ ਦੀ ਮਿਟਿੰਗ ਇੱਕੋ ਥਾਂ ਤੇ ਹਲਕਾ ਵਾਰ ਹੋਵੇਗੀ, ਜਦੋਂ ਕਿ 10 ਵਜੇ ਹਲਕਾ ਫਾਜਿਲਕਾ, 11:30 ਹਲਕਾ ਜਲਾਲਾਬਾਦ, 1 ਵਜੇ ਹਲਕਾ ਅਬੋਹਰ, 1:30 ਵਜੇ ਹਲਕਾ ਬੱਲੂਆਣਾ ਅਤੇ 3 ਵਜੇ ਹਲਕਾ ਜ਼ੀਰਾ ਦੀ ਮੀਟਿੰਗ ਹੋਵੇਗੀ। ਉਨ੍ਹਾਂ ਕਿਹਾ ਕਿ 27 ਜੁਲਾਈ ਐਤਵਾਰ ਬਠਿੰਡਾ ਵਿਖੇ ਹੀ ਸਾਰੇ ਜਿਲੇ ਦੀਆਂ ਹਲਕਾ ਵਾਰ ਮੀਟਿੰਗਾਂ ਹੋਣਗੀਆਂ, 10 ਵਜੇ ਬਠਿੰਡਾ ਦਿਹਾਤੀ ਹਲਕਾ, 11:30 ਵਜੇ ਤਲਵੰਡੀ ਸਾਬੋ ਹਲਕਾ, 12:30 ਵਜੇ ਭੁੱਚੋ ਹਲਕਾ, 1:30 ਵਜੇ ਰਾਮਪੁੱਰਾ ਹਲਕਾ, 3:00 ਵਜੇ ਮੌੜ ਹਲਕਾ ਹਲਕਾ, 4 ਵਜੇ ਬਠਿੰਡਾ ਸ਼ਹਿਰੀ ਹਲਕਾ ਦੀ ਮੀਟਿੰਗ ਹੋਵੇਗੀ। ਜਦੋਂ ਕਿ 28 ਜੁਲਾਈ ਨੂੰ ਸਵੇਰੇ 10 ਵਜੇ ਫਰੀਦਕੋਟ ਹਲਕੇ ਦੀ, 2 ਵਜੇ ਕੋਟਕਪੂਰਾ ਅਤੇ ਜੈਤੋ ਹਲਕਿਆਂ ਦੀ ਮੀਟਿੰਗ ਹਲਜਾ ਵਾਰ ਕੋਟਕਪੂਰਾ ਹੋਵੇਗੀ। ਉਨ੍ਹਾਂ ਦੱਸਿਆ ਕਿ ਇਸੀ ਦਿਨ 2 ਵਜੇ ਜੈਤੋ ਹਲਕਾ, 3:30 ਵਜੇ ਕੋਟਕਪੂਰਾ ਵਿਖੇ ਮੀਟਿੰਗ ਹੋਵੇਗੀ।